ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ
ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ



ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ

Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਓਨਟਾਰੀਓ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ, ਪ੍ਰਚਾਰ ਤੇ ਪਸਾਰ ਸਬੰਧੀ ਸੈਮੀਨਾਰ ਕਰਵਾਇਆ ਗਿਆ








## ਪ੍ਰੋ. ਰਾਮ ਸਿੰਘ, ਡਾ. ਡੀ.ਪੀ ਸਿੰਘ, ਸਤਪਾਲ ਸਿੰਘ ਜੌਹਲ ਤੇ ਡਾ. ਕੰਵਲਜੀਤ ਕੌਰ ਢਿੱਲੋਂ ਵੱਲੋਂ ਪੇਸ਼ ਕੀਤੇ ਗਏ ਆਪਣੇ ਪੇਪਰ

## ਰਾਜਸੀ ਆਗੂਆਂ ਨੇ ਸ਼ਿਰਕਤ ਕੀਤੀ ਅਤੇ ਕਵੀ-ਦਰਬਾਰ ਵੀ ਹੋਇਆ








ਬਰੈਂਪਟਨ, ਓਨਟਾਰੀਓ ਸੂਬੇ ਵਿਚ ਪੰਜਾਬੀ ਭਾਸ਼ਾ ਦੀ ਬੇਹਤਰੀ ਅਤੇ ਇਸ ਦੇ ਵਿਸਥਾਰ ਲਈ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ (ਰਜਿ.) ਵੱਲੋਂ ਲੰਘੇ ਐਤਵਾਰ 20 ਅਕਤੂਬਰ ਨੂੰ 'ਵਿਸ਼ਵ ਪੰਜਾਬੀ ਭਵਨ' ਵਿਖੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਵਿਚ ਪੰਜਾਬੀ ਭਾਸ਼ਾ ਦੇ ਵਿਸਥਾਰ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਸਬੰਧੀ ਵਿਸ਼ਿਆਂ 'ਪੰਜਾਬੀ ਭਾਸ਼ਾ ਲਈ ਸੰਚਾਰ ਮਾਧਿਅਮ ਦਾ ਯੋਗਦਾਨ ਤੇ ਚੁਣੌਤੀਆਂ', 'ਪੰਜਾਬੀ ਭਾਸ਼ਾ ਉੱਪਰ ਆਰਟੀਫ਼ਿਸ਼ਲ ਇੰਟੈਲੀਜੈਂਸ (ਬਨਾਉਟੀ ਬੁੱਧੀ) ਦਾ ਭਵਿੱਖੀ ਪ੍ਰਭਾਵ', 'ਓਨਟਾਰੀਓ ਦੀਆਂ ਵਿੱਦਿਅਕ ਤੇ ਹੋਰ ਸੰਸਥਾਵਾਂ ਵਿਚ ਪੰਜਾਬੀ ਦੀ ਵਰਤਮਾਨ ਸਥਿਤੀ ਤੇ ਸਥਾਨ' ਅਤੇ 'ਪੰਜਾਬੀ ਭਾਸ਼ਾ ਦੇ ਵਿਸਥਾਰ ਵਿੱਚ ਔਰਤਾਂ ਤੇ ਨੌਜੁਆਨਾਂ ਦੇ ਯੋਗਦਾਨ ਦੀ ਮਹੱਤਤਾ' ਉੱਪਰ ਵਿਦਵਾਨਾਂ ਵੱਲੋਂ ਪੇਪਰ ਪੇਸ਼ ਕੀਤੇ ਗਏ। ਸੈਮੀਨਾਰ ਦੇ ਪਹਿਲੇ ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿਚ ਡਾ. ਗੁਰਬਖ਼ਸ਼ ਸਿੰਘ ਭੰਡਾਲ, ਪ੍ਰੋ. ਰਾਮ ਸਿੰਘ, ਡਾ. ਡੀ.ਪੀ. ਸਿੰਘ, ਡਾ. ਗੁਰਨਾਮ ਸਿੰਘ ਢਿੱਲੋਂ, ਕੁਲਵਿੰਦਰ ਸਿੰਘ ਖਹਿਰਾ, 'ਸਰਗਮ ਰੇਡੀਓ' ਦੇ ਸੰਚਾਲਕ ਡਾ. ਬਲਵਿੰਦਰ ਧਾਲੀਵਾਲ ਅਤੇ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਸ਼ਾਮਲ ਸਨ। ਸੈਮੀਨਾਰ ਦਾ ਆਰੰਭ ਕੈਨੇਡਾ ਦੇ ਕੌਮੀ ਗੀਤ "ਓ ਕੈਨੇਡਾ"ਦੇ ਗਾਇਨ ਅਤੇ ਇਕਬਾਲ ਬਰਾੜ ਵੱਲੋਂ ਗਾਏ ਗਏ ਸ਼ਬਦ "ਦੇਹੁ

## ਅਮਰੀਕਾ ਤੋਂ ਪਹੁੰਚੇ ਡਾ. ਗੁਰਬਖ਼ਸ਼ ਸਿੰਘ ਭੰਡਾਲ ਨੇ ਕੁੰਜੀਵੱਤ-ਭਾਸ਼ਨ ਦਿੱਤਾ

ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨਾ ਟਰੌਂ"ਨਾਲ ਕੀਤਾ ਗਿਆ। ਉਪਰੰਤ, ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਸੈਮੀਨਾਰ ਵਿਚ ਸ਼ਾਮਲ ਹੋਏ ਬੁਲਾਰਿਆਂ ਤੇ ਸਰੋਤਿਆਂ ਨੂੰ ਨਿੱਘੀ 'ਜੀ-ਆਇਆਂ' ਕਹੇ ਜਾਣ ਪਿੱਛੋਂ ਮੰਚ-ਸੰਚਾਲਕ ਪ੍ਰੋ. ਤਲਵਿੰਦਰ ਮੰਡ ਵੱਲੋਂ ਸਮਾਗਮ ਦੇ ਮੁੱਖ-ਬੁਲਾਰੇ ਡਾ. ਗੁਰਬਖ਼ਸ਼ ਸਿੰਘ ਭੰਡਾਲ ਨੂੰ ਕੁੰਜੀਵੱਤ-ਭਾਸ਼ਨ ਦੇਣ ਲਈ ਬੇਨਤੀ ਕੀਤੀ ਗਈ ਜਿਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਪੰਜਾਬੀ ਬੋਲੀ ਦੀ ਪ੍ਰੀਭਾਸ਼ਾ ਤੇ ਇਸ ਦੀ ਘਰ ਤੋਂ ਪਹਿਲ ਤੋਂ ਬਾਅਦ ਧਰਮ ਨਾਲ ਜੁੜਨ, ਹੀਣ ਭਾਵਨਾ ਤੋਂ ਉੱਪਰ ਉੱਠਣ, ਕਿਤਾਬਾਂ ਨਾਲ ਪਿਆਰ ਪਾਉਣ, ਬਜ਼ੁਰਗਾਂ ਦੀ ਰਹਿਨੁਮਾਈ ਅਤੇ ਮਸਨੂਈ ਬੁੱਧੀ ਦੇ ਸਦ-ਉਪਯੋਗ ਨਾਲ ਪੰਜਾਬੀ ਬੋਲੀ ਨੂੰ ਅੱਗੇ ਵਧਾਉਣ ਲਈ ਲੌਬਿੰਗ ਗਰੁੱਪ ਤਿਆਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਪਹਿਲੇ ਅਕਾਦਮਿਕ ਸੈਸ਼ਨ ਦੇ ਪਹਿਲੇ ਬੁਲਾਰੇ ਪ੍ਰੋ. ਰਾਮ ਸਿੰਘ ਨੇ ਪੰਜਾਬੀ ਭਾਸ਼ਾ ਲਈ ਸੰਚਾਰ ਮਾਧਿਅਮ ਦੀ ਮਹੱਤਤਾ ਬਾਰੇ ਆਪਣੇ ਪੇਪਰ ਵਿੱਚ ਮਨੁੱਖੀ ਚੇਤਨਾ 'ਚ ਭਾਸ਼ਾ ਦੇ ਸੰਚਾਰ ਪੱਧਰਾਂ 'ਸਹਿਜ ਸੁਭਾਅ ਸੰਚਾਰ' ਅਤੇ 'ਚੇਤਨ ਪੱਧਰ 'ਤੇ ਸੰਚਾਰ' ਤੋਂ ਆਪਣੀ ਗੱਲ ਆਰੰਭ ਕਰਦਿਆਂ ਪੱਤਰਕਾਰੀ ਅਤੇ ਸਾਹਿਤ ਰਚਨਾ ਨੂੰ ਆਪਣੇ ਪੇਪਰ ਦਾ ਵਿਸ਼ਾ ਬਣਾਇਆ। ਉਨ੍ਹਾਂ ਵੱਖ-ਵੱਖ ਸੰਚਾਰ ਮਾਧਿਅਮਾਂ ਅਖ਼ਬਾਰਾਂ, ਰੇਡੀਓ, ਟੀ.ਵੀ., ਸਾਹਿਤ ਸਭਾਵਾਂ, ਸੋਸ਼ਲ ਮੀਡੀਆ ਅਤੇ ਸਾਹਿਤ ਰਚਨਾ ਦੀ ਗੱਲ ਬਾਖ਼ੂਬੀ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਕੰਪਿਊਟਰ ਮਾਹਿਰ ਕਿਰਪਾਲ ਸਿੰਘ ਪੰਨੂੰ ਵੱਲੋਂ ਲੋਕਾਂ ਨੂੰ ਕੰਪਿਊਟਰ ਸਿਖਾਉਣ ਅਤੇ ਪੰਜਾਬੀ ਫ਼ੌਂਟਸ ਵਿਚ ਪਾਏ ਗਏ ਯੋਗਦਾਨ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ।

ਬਾਕੀ ਪੇਜ ਨੰਬਰ ਦੋ ਤੇ....

(ਕੈਨੇਡੀਅਨ ਪੰਜਾਬੀ ਸਾਹਿਤ)

ਇਸ ਸੈਸ਼ਨ ਦੇ ਦੂਸਰੇ ਬੁਲਾਰੇ ਡਾ. ਡੀ. ਪੀ. ਸਿੰਘ ਵੱਲੋਂ ਆਪਣਾ ਪੇਪਰ 'ਪੰਜਾਬੀ ਭਾਸ਼ਾ ਅਤੇ ਆਰਟੀਫ਼ਿਸ਼ੀਅਲ ਇੰਟੈਲੀਜੈਂਸ : ਸੰਭਾਵਨਾਵਾਂ, ਚੁਣੌਤੀਆਂ ਤੇ ਹੱਲ' ਓਵਰ-ਹੈੱਡ ਪ੍ਰੋਜੈਕਟਰ ਰਾਹੀਂ ਪਾਵਰ-ਪਵਾਇੰਟ ਸਲਾਈਡਜ਼
ਦੀ ਮਦਦ ਨਾਲ ਪੇਸ਼ ਕੀਤਾ ਗਿਆ। ਆਰਟੀਫ਼ਿਸ਼ੀਅਲ ਇੰਟੈਲੀਜੈਂਸ (ਏ. ਆਈ.) ਦੀ ਮੁੱਢਲੀ ਸੰਖੇਪ ਜਾਣ-ਪਛਾਣ ਤੋਂ ਬਾਅਦ ਉਨ੍ਹਾਂ ਪੰਜਾਬੀ ਭਾਸ਼ਾ ਉੱਪਰ ਏ. ਆਈ. ਦੇ ਚੰਗੇ ਅਤੇ ਮਾੜੇ ਦੋਹਾਂ ਪ੍ਰਭਾਵਾਂ ਦੀ ਗੱਲ ਕਰਦਿਆਂ
ਇਸ ਦੀ ਵਰਤੋਂ ਕਾਰਨ ਨਾਲ ਪੰਜਾਬੀ ਭਾਸ਼ਾ ਨੂੰ ਭਵਿੱਖ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਦੇ ਹੱਲ ਵੀ ਦੱਸੇ। ਉਪਰੰਤ, ਇਨ੍ਹਾਂ ਦੋਹਾਂ ਪੇਪਰਾਂ ਉੱਪਰ ਡਾ. ਗੁਰਨਾਮ ਸਿੰਘ ਢਿੱਲੋਂ ਅਤੇ ਕੁਲਵਿੰਦਰ ਖਹਿਰਾ ਵੱਲੋਂ ਚਰਚਾ ਆਰੰਭ
ਕੀਤੀ ਗਈ ਅਤੇ ਸਰੋਤਿਆਂ ਵੱਲੋਂ ਆਏ ਸੁਆਲਾਂ ਦੇ ਜੁਆਬ ਬੁਲਾਰਿਆਂ ਵੱਲੋਂ ਦਿੱਤੇ ਗਏ। ਸੁਆਲ ਕਰਤਾਵਾਂ ਵਿਚ ਉੱਘੇ ਮੀਡੀਆਕਾਰ ਸ਼ਮੀਲ ਜਸਵੀਰ ਮੁੱਖ ਤੌਰ 'ਤੇ ਸ਼ਾਮਲ ਸਨ।
ਇਸ ਸੈਸ਼ਨ ਵਿੱਚ ਪਾਰਲੀਮੈਂਟ ਮੈਂਬਰ ਸੋਨੀਆ ਸਿੱਧੂ ਤੇ ਰੂਬੀ ਸਹੋਤਾ ਅਤੇ ਐੱਮ.ਪੀ.ਪੀ. ਅਮਰਜੋਤ ਸੰਧੂ ਨੇ ਆਪਣੀ ਸ਼ਮੂਲੀਅਤ ਦਰਜ ਕਰਵਾਉਂਦਿਆਂ ਹੋਇਆਂ ਇਹ ਮਹੱਤਵਪੂਰਨ ਸੈਮੀਨਾਰ ਕਰਵਾਉਣ ਲਈ ਕੈਨੇਡੀਅਨ
ਪੰਜਾਬੀ ਸਾਹਿਤ ਸਭਾ ਟੋਰਾਂਟੋ ਨੂੰ ਸ਼ੁਭ-ਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਵੱਲੋਂ ਸਭਾ ਦੀ ਹੌਸਲਾ-ਅਫ਼ਜਾਈ
ਕਰਦਿਆਂ ਹੋਇਆਂ ਸਭਾ ਨੂੰ ਸਰਟੀਫ਼ੀਕੇਟ ਦਿੱਤੇ ਗਏ। ਸਭਾ ਦੇ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਓਨਟਾਰੀਓ ਵਿਚ ਪੰਜਾਬੀ
ਬੋਲੀ ਦੇ ਪ੍ਰਚਾਰ ਤੇ ਪਸਾਰ ਸਬੰਧੀ ਮੰਗ-ਪੱਤਰ ਪੇਸ਼ ਕੀਤੇ ਗਏ। ਇਸ ਸੈਸ਼ਨ ਵਿਚ ਮਲੂਕ ਸਿੰਘ ਕਾਹਲੋਂ ਦੀ ਕਾਵਿ-ਪੁਸਤਕ 'ਕੂਕ ਫ਼ਕੀਰਾ ਕੂਕ ਤੂੰ ..."ਅਤੇ ਡਾ. ਗੁਰਬਖ਼ਸ਼ ਸਿੰਘ ਭੰਡਾਲ ਦੀ ਵਾਰਤਕ ਪੁਸਤਕ 'ਜ਼ਿੰਦਗੀ ਜਸ਼ਨ ਹੈ'
ਲੋਕ-ਅਰਪਿਤ ਕੀਤੀਆਂ ਗਈਆਂ।
ਦੁਪਹਿਰ ਦੇ ਖਾਣੇ ਤੋਂ ਬਾਅਦ ਦੂਸਰੇ ਸੈਸ਼ ?ਨ ਵਿੱਚ ਮੰਚ-ਸੰਚਾਲਕ ਡਾ. ਸੁਖਦੇਵ ਸਿੰਘ ਝੰਡ ਵੱਲੋਂ ਇਸ ਦੇ ਬੁਲਾਰਿਆਂ ਸਤਪਾਲ ਸਿੰਘ ਜੌਹਲ (ਉਪ-ਚੇਅਰਮੈਨ ਪੀਲ ਡਿਸਟ੍ਰਿਕਟ ਐਜੂਕੇਸ਼ਨ ਬੋਰਡ), ਡਾ. ਕੰਵਲਜੀਤ ਕੌਰ ਢਿੱਲੋਂ, ਟਿੱਪਣੀਕਾਰਾਂ ਸਾਬਕਾ ਸਕੂਲ ਟਰੱਸਟੀ ਬਲਬੀਰ ਕੌਰ ਸੋਹੀ ਤੇ ਲਹਿੰਦੇ ਪੰਜਾਬ ਦੀ ਵਿਦਵਾਨ ਉਜ਼ਮਾ ਮਹਿਮੂਦ, ਮਸ਼ਹੂਰ ਕਵੀ ਪ੍ਰੋ. ਆਸ਼ਿਕ ਰਹੀਲ ਅਤੇ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੂੰ ਪ੍ਰਧਾਨਗੀ-ਮੰਡਲ ਵਿਚ
ਬੈਠਣ ਲਈ ਬੇਨਤੀ ਕੀਤੀ ਗਈ। ਇਸ ਦੇ ਨਾਲ ਹੀ ਇਸ ਸੈਸ਼ ?ਨ ਦੇ ਪਹਿਲੇ ਬੁਲਾਰੇ ਸਤਪਾਲ ਸਿੰਘ ਜੌਹਲ ਨੂੰ
ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ ਆਪਣੇ ਪਰਚੇ ਦਾ ਆਰੰਭ ਪੰਜਾਬੀਆਂ ਦੇ ਕੈਨੇਡਾ ਵੱਲ ਪਰਵਾਸ
ਕਰਦਿਆਂ ਦੱਸਿਆ ਕਿ 1980 ਦੇ ਦਹਾਕੇ ਤੱਕ ਪੰਜਾਬ ਦਾ ਦਮਦਾਰ ਸਰਕਾਰੀ ਸਕੂਲ ਸਿਸਟਮ ਸੀ ਪਰ ਫਿਰ ਬਾਅਦ ਵਿਚ ਉੱਥੇ ਨਿੱਜੀ ਸਕੂਲ ਸਿਸਟਮ ਭਾਰੂ ਹੋ ਗਿਆ। ਇਸ ਦੇ ਨਾਲ ਹੀ ਪੰਜਾਬੀਆਂ ਦੀ ਵਿਦੇਸ਼ਾਂ ਵੱਲ
ਹਿਜਰਤ ਵਿਚ ਤੇਜ਼ੀ ਆ ਗਈ। ਬਰੈਂਪਟਨ ਦੇ ਪੰਜ ਸਕੂਲਾਂ ਵਿਚ ਪੜ੍ਹਾਈ ਜਾਂਦੇ ਪੰਜਾਬੀ ਵਿਸ਼ੇ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬੀ ਪੜ੍ਹਨ ਵਾਲੇ ਇਨ੍ਹਾਂ ਵਿਦਿਆਰਥੀਆਂ ਨੂੰ ਤਿੰਨ ਕ੍ਰੈਡਿਟ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ ਪੀ.ਡੀ.ਐੱਸ.ਬੀ. ਵੱਲੋਂ ਮਿਸੀਸਾਗਾ ਅਤੇ ਬਰੈਂਪਟਨ ਦੇ ਅੱਠ ਸਕੂਲਾਂ ਵਿੱਚ ਇੰਟਰਨੈਸ਼ਨਲ ਲੈਂਗੂਏਜਜ਼
ਪ੍ਰੋਗਰਾਮ ਲਾਗੂ ਕੀਤਾ ਗਿਆ ਹੈ ਜਿਨ੍ਹਾਂ ਵਿਚ ਪੰਜਾਬੀ, ਹਿੰਦੀ, ਉਰਦੂ ਤਮਿਲ ਤੇ ਕੁਝ ਹੋਰ ਭਾਸ਼ਾਵਾਂ ਸਿਖਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਸੈਸ਼ਨ ਦੇ ਦੂਸਰੇ ਬੁਲਾਰੇ ਕੰਵਲਜੀਤ ਕੌਰ ਢਿੱਲੋਂ ਵੱਲੋਂ ਆਪਣੇ ਪੇਪਰ 'ਓਨਟਾਰੀਓ ਵਿੱਚ ਪੰਜਾਬੀ ਬੋਲੀ ਦੇ ਪਸਾਰ ਵਿੱਚ ਔਰਤਾਂ ਅਤੇ ਨੌਜੁਆਨਾਂ ਦੀ ਮਹੱਤਤਾ' ਵਿਚ ਉਨ੍ਹਾਂ ਜਨਵਰੀ 1912 ਵਿੱਚ ਸੱਭ ਤੋਂ ਪਹਿਲਾਂ ਕੈਨੇਡਾ ਦੇ ਸ਼ਹਿਰ ਵੈਨਕੂਵਰ ਵਿੱਚ ਆਉਣ ਵਾਲੀਆਂ ਔਰਤਾਂ ਮਾਤਾ ਹਰਨਾਮ ਕੌਰ ਅਤੇ ਮਾਤਾ ਕਰਤਾਰ ਕੌਰ ਦਾ ਜ਼ਿਕਰ ਕਰਦਿਆਂ ਦੱਸਿਆ ਉਨ੍ਹਾਂ ਨੂੰ ਉੱਥੇ ਪਹੁੰਚਣ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਪੰਜਾਬੀ ਕਮਿਊਨਿਟੀ ਵੱਲੋਂ
200-200 ਡਾਲਰ ਦੇ ਬਾਂਡ ਭਰ ਕੇ ਉਨ੍ਹਾਂ ਨੂੰ ਛੁਡਵਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਰਾਜਨੀਤੀ ਵਿਚ ਪੰਜਾਬੀ ਔਰਤਾਂ ਦੀ ਸ਼ਮੂਲੀਅਤ ਹੋਰ ਭਾਈਚਾਰਿਆਂ ਨਾਲੋਂ ਵਧੇਰੇ ਹੈ ਅਤੇ ਉਹ ਸਮਾਜਿਕ ਤੇ ਸੱਭਿਚਾਰਕ ਖ਼ੇਤਰਾਂ ਵਿਚ ਵੀ ਆਪਣਾ ਭਰਪੂਰ ਯੋਗਦਾਨ ਪਾ ਰਹੀਆਂ ਹਨ। ਇਸ ਸੈਸ਼ਨ ਦੀਆਂ ਟਿੱਪਣੀਕਾਰਾਂ ਬਲਬੀਰ ਸੋਹੀ ਅਤੇ ਉਜ਼ਮਾ ਮਹਿਮੂਦ ਨੇ ਆਪਣੀਆਂ ਟਿੱਪਣੀ ਵਿਚ ਪੰਜਾਬੀ ਭਾਸ਼ਾ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਬੁਲਾਰਿਆਂ ਦੇ ਨਾਲ ਸਰੋਤਿਆਂ ਵੱਲੋਂ ਸੁਆਲਾਂ ਦੇ ਜੁਆਬ ਦਿੱਤੇ। ਸੁਆਲ ਕਰਤਾਵਾਂ ਵਿਚ ਪ੍ਰੋ. ਜਗੀਰ ਸਿੰਘ ਕਾਹਲੋਂ, ਡਾ. ਹਰਦੀਪ ਕੌਰ ਅਤੇ ਸ਼ਾਇਰ ਮਲਵਿੰਦਰ ਸ਼ਾਮਲ ਸਨ। ਇਸ ਸੈਸ਼ਨ ਵਿਚ ਨੌਜੁਆਨ ਵਿਦਾਅਰਥੀ ਜਸ਼ਨ ਨੇ ਸਕੂਲਾਂ ਵਿਚ ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਆਉਂਦੀਆਂ ਮੁਸ਼ਕਲਾਂ ਬਾਰੇ ਗੱਲ ਕੀਤੀ। ਦੋਹਾਂ
ਸੈਸ਼ਨਾਂ ਦੇ ਬੁਲਾਰਿਆਂ ਤੇ ਟਿੱਪਣੀਕਾਰਾਂ ਨੂੰ ਸਭਾ ਵੱਲੋਂ ਖ਼ੂਬਸੂਰਤ ਫ਼ਰੇਮਾਂ ਵਿਚ ਸਜਾਏ ਗਏ ਸਰਟੀਫ਼ੀਕੇਟ ਦੇ ਕੇ ਸਨਮਾਨਿਤ ਕੀਤਾ ਗਿਆ।
ਸੈਮੀਨਾਰ ਦੇ ਆਖ਼ਰੀ ਸੈਸ਼ਨ ਵਿੱਚ ਹੋਏ ਕਵੀ-ਦਰਬਾਰ ਦਾ ਸੰਚਾਲਨ ਡਾ. ਜਗਮੋਹਨ ਸੰਘਾ ਵੱਲੋਂ ਕੀਤਾ ਗਿਆ। ਉਨ੍ਹਾਂ ਵੱਲੋਂ ਪ੍ਰਧਾਨਗੀ-ਮੰਡਲ ਵਿਚ ਬੈਠਣ ਲਈ ਰਾਜਕੁਮਾਰ ਓਸ਼ੋਰਾਜ, ਸ਼ਾਮ ਸਿੰਘ 'ਅੰਗਸੰਗ', ਨਿਰਵੈਰ ਸਿੰਘ ਅਰੋੜਾ, ਬਸ਼ੱਰਤ ਰੇਹਾਨ, ਰਾਸ਼ੀਦ ਨਦੀਮ, ਉਜ਼ਮਾ ਮਹਿਮੂਦ ਅਤੇ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੂੰ ਬੇਨਤੀ ਕੀਤੀ ਗਈ ਅਤੇ ਨਾਲ ਹੀ ਇਕਬਾਲ ਬਰਾੜ ਨੂੰ ਆਪਣਾ ਗੀਤ ਪੇਸ਼ ਕਰਨ ਲਈ ਕਿਹਾ ਗਿਆ। ਉਨ੍ਹਾਂ ਤੋਂ ਬਾਅਦ ਵਾਰੀ-ਵਾਰੀ ਹਰਜੀਤ ਬਾਜਵਾ, ਅਮਰਜੀਤ ਪੰਛੀ, ਰੂਬੀ ਕਰਤਾਰਪੁਰੀ, ਹਜ਼ਰਤ ਸ਼ਾਮ ਸੰਧੂ, ਹਰਮੇਸ਼ ਜੀਂਦੋਵਾਲ, ਸੁਖਚਰਨਜੀਤ ਗਿੱਲ, ਸੁਰਿੰਦਰਜੀਤ ਕੌਰ, ਤਲਵਿੰਦਰ ਮੰਡ, ਸੁਖਦੇਵ ਝੰਡ, ਸਤਪਾਲ ਸਿੰਘ ਕੋਮਲ ਅਤੇ
ਪ੍ਰਧਾਨਗੀ-ਮੰਡਲ ਵਿੱਚ ਸ਼ਾਮਲ ਰਾਜਕੁਮਾਰ ਓਸ਼ੋਸੋਰਾਜ, ਨਿਰਵੈਰ ਸਿੰਘ ਅਰੋੜਾ, ਸ਼ਾਮ ਸਿੰਘ, ਬਸ਼ੱਰਤ ਰੇਹਾਨ, ਰਾਸ਼ੀਦਦ ਨਦੀਮ, ਉਜ਼ਮਾ ਮਹਿਮੂਦ ਨੂੰ ਪੇਸ਼ ਕੀਤਾ ਗਿਆ।

ਸਾਰਿਆਂ ਨੇ ਆਪਣੀ ਰਚਨਾਵਾਂ ਬਾਖ਼ੂਬੀ ਪੇਸ਼
ਕੀਤੀਆਂ ਗਈਆਂ। ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਸਾਰੇ ਕਵੀਆਂ-ਕਵਿੱਤਰੀਆਂ ਦਾ
ਧੰਨਵਾਦ ਕੀਤਾ ਗਿਆ।
ਸੈਮੀਨਾਰ ਦੇ ਅੰਤ ਵੱਲ ਵੱਧਦਿਆਂ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਸਮੂਹ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਇਹ ਸੈਮੀਨਾਰ ਕਰਵਾਉਣ ਲਈ ਸਭਾ ਦੀ ਵਿੱਤੀ ਮਦਦ ਕਰਨ ਲਈ 'ਮਰੋਕ ਲਾਅ ਆਫ਼ਿਸ' ਦੇ ਸੰਚਾਲਕ ਵਿਪਨਦੀਪ ਮਰੋਕ, 'ਕਰਾਊਨ ਇੰਮੀਗਰੇਸ਼ਨ' ਦੇ ਸੰਚਾਲਕ ਰਾਜਪਾਲ
ਸਿੰਘ ਹੋਠੀ ਅਤੇ 'ਜੇ.ਬੀ. ਅਕਾਊਂਟਿੰਗ ਐਂਡ ਫ਼ਾਈਨੈਂਸ਼ਲ ਸਰਵਿਸਿਜ਼' ਦਾ ਹਾਰਦਿਕ ਧੰਨਵਾਦ ਕੀਤਾ।

ਸੈਮੀਨਾਰ ਲਈ 'ਵਿਸ਼ਵ ਪੰਜਾਬੀ ਭਵਨ' ਪ੍ਰਦਾਨ ਕਰਨ ਲਈ ਡਾ. ਦਲਬੀਰ ਸਿੰਘ ਕਥੂਰੀਆ ਦਾ ਧੰਨਵਾਦ ਕੀਤਾ ਗਿਆ।
ਸੈਮੀਨਾਰ ਵਿਚ ਕਿਰਪਾਲ ਸਿੰਘ ਪੰਨੂੰ, ਗੁਰਬਚਨ ਸਿੰਘ ਚਿੰਤਕ, ਗੁਰਦੇਵ ਚੌਹਾਨ, ਇੰਦਰਜੀਤ ਸਿੰਘ ਬੱਲ, ਡਾ. ਸੋਰਣ ਸਿੰਘਘ ਪਰਮਾਰ, ਗਿਆਨ ਸਿੰਘ ਕੰਗ, ਵਿਪਨਦੀਪ ਮਰੋਕ, ਰਾਜਪਾਲ ਸਿੰਘ ਹੋਠੀ, ਜੰਗੀਰ ਸਿੰਘ ਸੈਂਹਬੀ, ਬਲਦੇਵ ਸਿੰਘ ਰਹਿਪਾ, ਪ੍ਰੋ. ਸਿਕੰਦਰ ਸਿੰਘ ਗਿੱਲ, ਕਰਨੈਲ ਸਿੰਘ ਮਰਵਾਹਾ, ਹਰਦਿਆਲ ਸਿੰਘ ਝੀਤਾ, ਹੀਰਾ ਸਿੰਘ ਹੰਸਪਾਲ, ਨਾਹਰ ਔਜਲਾ, ਹਰਜੀਤ ਬਾਜਵਾ, ਕਾਮਰੇਡ ਸੁਖਦੇਵ ਸਿੰਘ ਧਾਲੀਵਾਲ, ਪਾਕਿਸਤਾਨ ਤੋਂ ਹੁਸਨੈਨ ਅਕਬਰ, ਸੁਰਜੀਤ ਕੌਰ, ਪਰਮਜੀਤ ਦਿਓਲ, ਤਾਹਿਰਾ ਨਸੀਮ, ਗੁਰੰਜਲ ਕੌਰ, ਕੁਲਦੀਪ ਕੌਰ ਪਾਹਵਾ ਸਮੇਤ 150 ਤੋਂ ਵਧੇਰੇ ਵਿਅੱਕਤੀ ਸ਼ਾਮਲ ਸਨ।

# ਮਜੀਠੀਆ ਨੇ ਕਿਹਾ- ਅਫਵਾਹਾਂ 'ਤੇ ਵਿਸ਼ਵਾਸ ਨਾ ਕੀਤਾ ਜਾਵੇ: ਸੰਸਦੀ ਬੋਰਡ ਜ਼ਿਮਨੀ ਚੋਣਾਂ ਬਾਰੇ ਸਥਿਤੀ ਸਪੱਸ਼ਟ ਕਰੇਗਾ; ਭਾਜਪਾ ਤੇ 'ਆਪ' ਨੇ ਘੇਰ ਲਿਆ

ਚੰਡੀਗੜ੍ਹ,ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ (ਮੰਗਲਵਾਰ) ਨੂੰ ਹੋਈ। ਇਸ ਮੌਕੇ ਬਿਕਰਮ ਸਿੰਘ ਮਜੀਠੀਆ ਨੇ ਦੱਸਿਆ ਕਿ ਮੀਟਿੰਗ ਵਿੱਚ ਮੁੱਖ ਤੌਰ 'ਤੇ ਪੰਜਾਬ ਦੀਆਂ ਮੰਡੀਆਂ ਵਿੱਚ ਚੱਲ ਰਹੀ ਝੋਨੇ ਦੀ ਖਰੀਦ ਦਾ ਮੁੱਦਾ ਵਿਚਾਰਿਆ ਗਿਆ। ਇਸ ਮਾਮਲੇ ਨੂੰ ਲੈ ਕੇ ਉਹ ਜਲਦੀ ਹੀ ਰਾਜਪਾਲ ਨੂੰ ਮਿਲਣਗੇ। ਇਸ ਲਈ ਸਮਾਂ ਮੰਗਿਆ ਗਿਆ ਹੈ। ਕਿਉਂਕਿ ਕਿਸਾਨ ਚਿੰਤਤ ਹਨ, ਖਰੀਦ ਸਹੀ ਨਹੀਂ ਹੋ ਰਹੀ ਹੈ। ਇਸ ਵਿੱਚ ਘੁਟਾਲਾ ਚੱਲ ਰਿਹਾ ਹੈ। ਉਹ ਸੀਬੀਆਈ ਜਾਂਚ ਦੀ ਮੰਗ ਕਰਨਗੇ।

ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਮੀਟਿੰਗ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੇ ਪ੍ਰਧਾਨ ਦੇ ਅਹੁਦੇ ਦੀ ਚੋਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਪਰ ਹੁਣ ਚੋਣਾਂ ਲਈ ਨਵਾਂ ਗਠਜੋੜ ਬਣ ਗਿਆ ਹੈ। ਭਾਜਪਾ, ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਸੁਧਾਰ ਵਿਚਾਲੇ ਨਵਾਂ ਗਠਜੋੜ ਬਣ ਗਿਆ ਹੈ। ਪੰਜਾਬ ਸਰਕਾਰ ਦੇ ਅਧਿਕਾਰੀਆਂ ਅਤੇ ਭਾਜਪਾ ਵੱਲੋਂ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਬੀਬੀ ਜਗੀਰ ਕੌਰ ਦੇ ਹੱਕ ਵਿੱਚ ਵੋਟਾਂ ਪਾਉਣ ਲਈ ਕਿਹਾ ਜਾ ਰਿਹਾ ਹੈ। ਸਾਡੇ ਕੋਲ ਇਸ ਦੇ ਪੁਖਤਾ ਸਬੂਤ ਹਨ। ਬਹੁਤ ਸਾਰੇ ਮੈਂਬਰਾਂ ਨੂੰ ਕਾਲਾਂ ਆ ਰਹੀਆਂ ਹਨ।

## ਹੁਣ 80 ਘੰਟੇ ਬਾਕੀ, ਸਥਿਤੀ ਸਪੱਸ਼ਟ ਹੋਵੇਗੀ

ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਅਕਾਲੀ ਦਲ ਆਉਣ ਵਾਲੀਆਂ ਉਪ ਚੋਣਾਂ ਲੜ ਰਿਹਾ ਹੈ ਜਾਂ ਨਹੀਂ। ਇਸ 'ਤੇ ਮਜੀਠੀਆ ਨੇ ਕਿਹਾ ਕਿ ਤੁਸੀਂ ਅਫਵਾਹਾਂ 'ਤੇ ਵਿਸ਼ਵਾਸ ਨਾ ਕਰੋ ਅਤੇ ਪਾਰਟੀ ਦਾ ਸੰਸਦੀ ਬੋਰਡ ਜਲਦ ਹੀ ਪਾਰਟੀ ਦੀ ਸਥਿਤੀ ਸਪੱਸ਼ਟ ਕਰੇਗਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਸੁਧਾਰ ਲਹਿਰ ਭਾਜਪਾ ਨਾਲ ਹੋਏ ਸਮਝੌਤੇ ਤਹਿਤ ਜ਼ਿਮਨੀ ਚੋਣਾਂ ਲੜ ਰਿਹਾ ਹੈ, ਜਿਸ ਨੇ ਜ਼ਿਮਨੀ ਚੋਣਾਂ ਵਿਚ ਭਾਜਪਾ ਉਮੀਦਵਾਰਾਂ ਨੂੰ ਸਮਰਥਨ ਦੇਣ ਲਈ ਕਿਹਾ ਹੈ। ਨਾਮਜ਼ਦਗੀ ਲਈ ਅਜੇ ਕਰੀਬ 80 ਘੰਟੇ ਬਾਕੀ ਹਨ।

## ਘੱਟੋ-ਘੱਟ ਸਮਰਥਨ ਮੁੱਲ 'ਤੇ ਝੋਨਾ ਨਹੀਂ ਖਰੀਦਿਆ ਜਾ ਰਿਹਾ ਹੈ

ਮਜੀਠੀਆ ਨੇ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਝੋਨੇ ਦੀ ਖਰੀਦ ਸਹੀ ਢੰਗ ਨਾਲ ਨਹੀਂ ਹੋ ਰਹੀ। ਝੋਨਾ 1900 ਤੋਂ 2100 ਰੁਪਏ ਤੱਕ ਵਿਕ ਰਿਹਾ ਹੈ, ਜਦਕਿ ਘੱਟੋ-ਘੱਟ ਸਮਰਥਨ ਮੁੱਲ 2350 ਰੁਪਏ ਤੈਅ ਕੀਤਾ ਗਿਆ ਹੈ। ਇਸ ਕਾਰਨ ਹਜ਼ਾਰਾਂ ਕਰੋੜਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਲਈ ਸਰਕਾਰ ਜ਼ਿੰਮੇਵਾਰ ਹੈ। ਕਿਉਂਕਿ ਇਸ ਵਾਰ ਕਿਸਾਨਾਂ ਵੱਲੋਂ ਵੱਖ-ਵੱਖ ਕਿਸਮਾਂ ਦੇ ਝੋਨੇ ਦੀ ਪੈਦਾਵਾਰ ਮੁੱਖ ਮੰਤਰੀ ਦੇ ਕਹਿਣ 'ਤੇ ਕੀਤੀ ਗਈ ਸੀ। ਅਜਿਹੇ 'ਚ ਮੁੱਖ ਮੰਤਰੀ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਰੋੜਾਂ ਰੁਪਏ ਦਾ ਘਪਲਾ ਹੋ ਰਿਹਾ ਹੈ। ਉਹ ਜਲਦੀ ਹੀ ਰਾਜਪਾਲ ਨੂੰ ਮਿਲਣਗੇ ਅਤੇ ਇਸ ਮਾਮਲੇ ਦੀ ਜਾਂਚ ਦੀ ਮੰਗ ਕਰਨਗੇ।

## ਇਹ ਚੋਣ ਅਕਾਲੀ ਦਲ ਲਈ ਵੀ ਬਹੁਤ ਅਹਿਮ ਹੈ

ਚਾਰ ਵਿਧਾਨ ਸਭਾ ਸੀਟਾਂ ਲਈ ਹੋਣ ਵਾਲੀਆਂ ਜ਼ਿਮਨੀ ਚੋਣਾਂ ਵੀ ਅਕਾਲੀ ਦਲ ਲਈ ਅਹਿਮ ਹਨ। ਕਿਉਂਕਿ ਇਨ੍ਹਾਂ ਚਾਰ ਸੀਟਾਂ ਵਿੱਚ ਹੀ ਗਿੱਦੜਬਾਹਾ ਸੀਟ ਸ਼ਾਮਲ ਹੈ, ਜੋ ਪਾਰਟੀ ਦਾ ਗੜ੍ਹ ਰਹੀ ਹੈ। ਇਸ ਸੀਟ ਦੇ ਬਣਨ ਤੋਂ ਬਾਅਦ ਪਾਰਟੀ ਨੇ ਜ਼ਿਆਦਾਤਰ ਵਾਰ ਇੱਥੇ ਚੋਣਾਂ ਜਿੱਤੀਆਂ ਹਨ। ਪ੍ਰਕਾਸ਼ ਸਿੰਘ ਬਾਦਲ ਇਸ ਸੀਟ ਤੋਂ ਕਈ ਵਾਰ ਜਿੱਤ ਚੁੱਕੇ ਹਨ। ਇਸ ਦੇ ਨਾਲ ਹੀ ਡਿੰਪੀ ਢਿੱਲੋਂ ਦੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਵੀ ਇਸ ਸੀਟ 'ਤੇ ਲਗਾਤਾਰ ਸਰਗਰਮ ਹਨ। ਹਰਸਿਮਰਤ ਕੌਰ ਬਾਦਲ ਖੁਦ ਸਥਿਤੀ ਨੂੰ ਸੰਭਾਲ ਰਹੇ ਹਨ। ਜਦੋਂ ਕਿ ਹੀਰਾ ਸਿੰਘ ਗਾਬੜੀਆ ਨੂੰ ਬਰਨਾਲਾ ਸ਼ਹਿਰੀ ਅਤੇ ਇਕਬਾਲ ਸਿੰਘ ਝੂੰਦਾਂ ਨੂੰ ਬਰਨਾਲਾ ਦਿਹਾਤੀ ਦੇ ਪ੍ਰਚਾਰ ਇੰਚਾਰਜ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।

## ਅਕਾਲੀ ਦਲ ਦੇ ਸੰਸਦੀ ਬੋਰਡ ਨੇ ਫੀਡਬੈਕ ਲਿਆ ਹੈ

ਗਿੱਦੜਬਾਹਾ ਸੀਟ ਬਾਦਲਾਂ ਦੀ ਪੁਰਾਣੀ ਸੀਟ ਹੈ। ਇਸ ਵਿੱਚ ਸਿਰਫ਼ ਕਾਂਗਰਸ ਨੂੰ 5 ਵਾਰ ਜਿੱਤ ਮਿਲੀ ਹੈ। ਇਸ ਤੋਂ ਇਲਾਵਾ ਇੱਥੋਂ ਅਕਾਲੀ ਦਲ ਨੇ ਜਿੱਤ ਹਾਸਲ ਕੀਤੀ ਹੈ। ਇਸ ਦੇ ਨਾਲ ਹੀ ਇਸ ਹਲਕੇ ਦੀ ਕਮਾਨ ਵੀ ਹੁਣ ਬਾਦਲ ਪਰਿਵਾਰ ਹੀ ਸੰਭਾਲ ਰਿਹਾ ਹੈ। ਇਸ ਤੋਂ ਪਹਿਲਾਂ ਅਕਾਲੀ ਦਲ ਦਾ ਸੰਸਦੀ ਬੋਰਡ ਗਿੱਦੜਬਾਹਾ ਸੀਟ ਨੂੰ ਛੱਡ ਕੇ ਬਾਕੀ ਸਾਰੀਆਂ ਸੀਟਾਂ ਦਾ ਦੌਰਾ ਕਰ ਚੁੱਕਾ ਹੈ।
ਨਾਲ ਹੀ ਸਾਰੇ ਸਰਕਲਾਂ ਦੀ ਸਥਿਤੀ ਬਾਰੇ ਵੀ ਫੀਡਬੈਕ ਲਿਆ ਗਿਆ ਹੈ। ਜਿੱਥੇ ਤੱਕ ਅਕਾਲੀ ਦਲ ਦੇ ਸੰਭਾਵਿਤ ਉਮੀਦਵਾਰਾਂ ਦਾ ਸਵਾਲ ਹੈ, ਡੇਰਾ ਬਾਬਾ ਨਾਨਕ ਤੋਂ ਸੁੱਚਾ ਸਿੰਘ ਲੰਗਾਹ 'ਤੇ ਦਾਅ ਲਗਾ ਸਕਦੇ ਹਨ। ਕਿਉਂਕਿ ਉਹ ਅਕਾਲੀ ਦਲ ਵਿੱਚ ਵਾਪਸ ਆ ਗਏ ਹਨ। ਗੱਦੜਬਾਹਾ ਨੂੰ ਲੈ ਕੇ ਸੁਖਬੀਰ ਬਾਦਲ ਦਾ ਨਾਂ ਵੀ ਚਰਚਾ 'ਚ ਹੈ। ਬਰਨਾਲਾ ਵਿੱਚ ਕੁਲਵੰਤ ਸਿੰਘ ਕਾਂਤਾ ਨੂੰ ਉਮੀਦਵਾਰ ਬਣਾਇਆ ਜਾ ਸਕਦਾ ਹੈ। ਉਹ 2022 ਵਿੱਚ 25 ਹਜ਼ਾਰ ਵੋਟਾਂ ਹਾਸਲ ਕਰਨ ਵਿੱਚ ਕਾਮਯਾਬ ਰਹੇ ਸਨ। ਉਂਜ ਹੁਸ਼ਿਆਰਪੁਰ ਵਿੱਚ ਵੀ ਕਈ ਲੋਕ ਇਸ ਦੌੜ ਵਿੱਚ ਹਨ। ਇਨ੍ਹਾਂ ਚਾਰ ਵਿਧਾਨ ਸਭਾ ਹਲਕਿਆਂ ਵਿੱਚ ਚੋਣਾਂ ਇਸ ਲਈ ਹੋ ਰਹੀਆਂ ਹਨ ਕਿਉਂਕਿ ਇੱਥੋਂ ਦੇ ਵਿਧਾਇਕ ਸੰਸਦ ਮੈਂਬਰ ਬਣ ਚੁੱਕੇ ਹਨ। ਉਨ੍ਹਾਂ ਨੇ ਆਪਣੇ ਅਹੁਦੇ ਤੋਂ ਵੀ ਅਸਤੀਫਾ ਦੇ ਦਿੱਤਾ ਹੈ। ਜਿਸ ਤੋਂ ਬਾਅਦ ਇਹ ਸੀਟਾਂ ਖਾਲੀ ਹੋਈਆਂ ਹਨ।

# ਜ਼ਿਮਨੀ ਚੋਣਾਂ: ਭਾਜਪਾ ਨੇ 3 ਉਮੀਦਵਾਰ ਐਲਾਨੇ; ਬਾਦਲ, ਢਿੱਲੋਂ ਤੇ ਕਾਹਲੋਂ ਲੜਨਗੇ ਚੋਣ



ਮਾਨਸਾ, ਭਾਰਤੀ ਜਨਤਾ ਪਾਰਟੀ ਨੇ ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਦੀਆਂ ਹੋ ਰਹੀਆਂ ਜ਼ਿਮਨੀ ਚੋਣਾਂ ਵਾਸਤੇ ਮੰਗਲਵਾਰ ਨੂੰ ਤਿੰਨ ਹਲਕਿਆਂ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਵੱਲੋਂ ਕੀਤੇ ਗਏ ਐਲਾਨ ਮੁਤਾਬਕ ਗਿੱਦੜਬਾਹਾ ਤੋਂ ਮਨਪ੍ਰੀਤ ਸਿੰਘ ਬਾਦਲ, ਬਰਨਾਲਾ ਤੋਂ ਕੇਵਲ ਸਿੰਘ ਢਿੱਲੋਂ ਅਤੇ ਡੇਰਾ ਬਾਬਾ ਨਾਨਕ ਤੋਂ ਰਵੀਕਰਨ ਸਿੰਘ ਕਾਹਲੋਂ ਨੂੰ ਉਮੀਦਵਾਰ ਬਣਾਇਆ ਗਿਆ ਹੈ।ਚੌਥੇ ਹਲਕੇ ਚੱਬੇਵਾਲ (ਰਾਖਵਾਂ) ਤੋਂ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਗਿਆ। ਇਨ੍ਹਾਂ ਚਾਰੇ ਹਲਕਿਆਂ ਲਈ ਨਾਮਜ਼ਦਗੀਆਂ 25 ਅਕਤੂਬਰ ਤੱਕ ਜਮਹਾਂ ਕਰਵਾਈਆਂ ਜਾ ਸਕਦੀਆਂ ਹਨ, ਜਦੋਂ ਕਿ ਵੋਟਾਂ 13 ਨਵੰਬਰ ਨੂੰ ਪੈਣਗੀਆਂ ਅਤੇ ਨਤੀਜੇ 23 ਨਵੰਬਰ ਨੂੰ ਐਲਾਨੇ ਜਾਣਗੇ।ਇਹ ਐਲਾਨ ਪਾਰਟੀ ਦੇ ਕੌਮੀ ਜਨਰਲ ਸਕੱਤਰ ਤੇ ਮੁੱਖ ਦਫ਼ਤਰ ਇੰਚਾਰਜ ਅਰੁਣ ਸਿੰਘ ਦੇ ਦਸਤਖ਼ਤਾਂ ਤਹਿਤ ਜਾਰੀ ਪ੍ਰੈਸ ਬਿਆਨ ਰਾਹੀਂ ਕੀਤਾ ਗਿਆ ਹੈ। ਇਸ ਵਿਚ ਮੇਘਾਲਿਆ ਦੇ ਗਾਂਬਰੇਗਰੇ ਹਲਕੇ ਤੋਂ ਵੀ ਉਮੀਦਵਾਰ ਦਾ ਐਲਾਨ ਕੀਤਾ ਗਿਆ ਹੈ। ਪਾਰਟੀ ਆਗੂ ਮਨਪ੍ਰੀਤ ਸਿੰਘ ਬਾਦਲ ਨੇ ਉਨ੍ਹਾਂ ਨੂੰ ਗਿੱਦੜਬਾਹਾ ਤੋਂ ਉਮੀਦਵਾਰ ਬਣਾਏ ਜਾਣ ਲਈ ਪਾਰਟੀ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਇਸ ਸਬੰਧੀ ਸੋਸ਼ਲ ਮੀਡੀਆ ਪਲੈਟਫਾਰਮਾਂ 'ਫੇਸਬੁੱਕ' ਅਤੇ 'ਐਕਸ' ਉਤੇ ਆਪਣੇ ਖ਼ਾਤਿਆਂ ਉਤੇ ਪੋਸਟਾਂ ਸ਼ੇਅਰ ਕੀਤੀਆਂ ਹਨ।

# CM ਭਗਵੰਤ ਮਾਨ ਨੇ ਅਮਿਤ ਸ਼ਾਹ ਕੋਲ ਝੋਨੇ ਦੇ ਖਰੀਦ ਕਾਰਜਾਂ ਦਾ ਮਸਲਾ ਚੁੱਕਿਆ

ਚੰਡੀਗੜ੍ਹ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸੂਬੇ ਵਿੱਚ ਝੋਨੇ ਦੀ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਦਖ਼ਲ ਦੇਣ ਦੀ ਮੰਗ ਕੀਤੀ ਹੈ।ਕੇਂਦਰੀ ਗ੍ਰਹਿ ਮੰਤਰੀ ਨਾਲ ਫੋਨ ਉਤੇ ਗੱਲਬਾਤ ਦੌਰਾਨ ਭਗਵੰਤ ਸਿੰਘ ਮਾਨ ਨੇ ਉਨ੍ਹਾਂ ਨੂੰ ਖਰੀਦ ਕਾਰਜਾਂ ਵਿੱਚ ਪੇਸ਼ ਆ ਰਹੀਆਂ ਦਿੱਕਤਾਂ ਬਾਰੇ ਜਾਣੂੰ ਕਰਵਾਇਆ। ਉਨ੍ਹਾਂ ਨੇ ਗ੍ਰਹਿ ਮੰਤਰੀ ਨੂੰ ਦੱਸਿਆ ਕਿ ਆਵਾਜਾਈ ਦੀ ਲਾਗਤ ਦੀ ਸਮੱਸਿਆ, ਭੰਡਾਰਨ ਦੀ ਕਮੀ, ਹਾਈਬ੍ਰਿਡ ਕਿਸਮ ਦੀ ਗੁਣਵੱਤਾ ਅਤੇ ਸ਼ੈਲਰ ਮਾਲਕਾਂ ਦੇ ਘਾਟੇ ਵਰਗੇ ਮਸਲਿਆਂ ਨਾਲ ਖਰੀਦ ਕਾਰਜਾਂ ਉਤੇ ਬੁਰਾ ਅਸਰ ਪੈ ਰਿਹਾ ਹੈ। ਮੁੱਖ ਮੰਤਰੀ ਨੇ ਭਾਰਤ ਸਰਕਾਰ ਨੂੰ ਦੇਸ਼ ਦੇ ਵਡੇਰੇ ਹਿੱਤ ਵਿੱਚ ਇਨ੍ਹਾਂ ਮਸਲਿਆਂ ਦਾ ਫੌਰੀ ਹੱਲ ਕੱਢਣ ਦੀ ਅਪੀਲ ਕੀਤੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨ, ਆੜ੍ਹਤੀਏ ਅਤੇ ਮਿੱਲ ਮਾਲਕ ਦੇਸ਼ ਵਿੱਚ ਖੁਰਾਕ ਸੁਰੱਖਿਆ ਦੀ ਰੀੜ੍ਹ ਦੀ ਹੱਡੀ ਹਨ। ਉਨ੍ਹਾਂ ਕਿਹਾ ਕਿ ਸਾਡੇ ਕਿਸਾਨ ਅਨਾਜ ਪੈਦਾ ਕਰਦੇ ਹਨ ਤਾਂ ਆੜ੍ਹਤੀਏ ਅਤੇ ਮਿੱਲ ਮਾਲਕ ਇਹ ਯਕੀਨੀ ਬਣਾਉਂਦੇ ਹਨ ਕਿ ਉਨ੍ਹਾਂ ਦੀ ਖਰੀਦ, ਭੰਡਾਰਨ ਅਤੇ ਲਿਫਟਿੰਗ ਸਹੀ ਢੰਗ ਨਾਲ ਕੀਤੀ ਜਾਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਸਾਲ ਸੂਬੇ ਵਿੱਚ 185 ਲੱਖ ਮੀਟ੍ਰਿਕ ਟਨ ਝੋਨਾ ਆਉਣ



ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਅਨਾਜ ਦੀ ਨਿਰਵਿਘਨ ਖਰੀਦ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ।

ਹਾਲਾਂਕਿ, ਮੁੱਖ ਮੰਤਰੀ ਨੇ ਕਿਹਾ ਕਿ ਮਿੱਲਰਾਂ ਦੇ ਕੁਝ ਮੁੱਦੇ ਜਿਵੇਂ ਕਿ ਝੋਨੇ ਨੂੰ ਭੰਡਾਰ ਕਰਨ ਲਈ ਡਰਾਈਏਜ ਅਤੇ ਟਰਾਂਸਪੋਰਟੇਸ਼ਨ ਕੇਂਦਰ ਸਰਕਾਰ ਨਾਲ ਸਬੰਧਤ ਹਨ ਜਿਸ ਕਾਰਨ ਲਿਫਟਿੰਗ ਦੀ ਪ੍ਰਕਿਰਿਆ ਥੋੜ੍ਹੀ ਹੌਲੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਪਹਿਲਾਂ ਹੀ ਇਨ੍ਹਾਂ ਮੁੱਦਿਆਂ ਨੂੰ ਕੇਂਦਰ ਸਰਕਾਰ ਕੋਲ ਉਠਾ ਚੁੱਕੇ ਹਨ। ਉਨ੍ਹਾਂ ਕਿਹਾ ਕਿ 23 ਅਕਤੂਬਰ (ਬੁੱਧਵਾਰ) ਨੂੰ ਕੇਂਦਰੀ ਗ੍ਰਹਿ ਮੰਤਰੀ ਨਾਲ ਨਵੀਂ ਦਿੱਲੀ ਵਿਖੇ ਮਿੱਲ ਮਾਲਕਾਂ ਦੀ ਮੀਟਿੰਗ ਹੋਣੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਮਿੱਲ ਮਾਲਕਾਂ ਦੀਆਂ ਹੱਕੀ ਮੰਗਾਂ ਵੱਲ ਹਮਦਰਦੀ ਨਾਲ ਵਿਚਾਰ ਕਰਨਾ ਚਾਹੀਦਾ ਹੈ ਤਾਂ ਜੋ ਖਰੀਦ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹ ਆ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਅਨਾਜ ਦੀ ਨਿਰਵਿਘਨ ਖਰੀਦ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪਿਛਲੇ ਮੰਡੀਕਰਨ ਸੀਜ਼ਨ ਦੌਰਾਨ ਮਿਲਿੰਗ ਦੇਰੀ ਨਾਲ ਹੋਣ ਕਰਕੇ 120 ਲੱਖ ਮੀਟ੍ਰਿਕ ਟਨ ਸਟੋਰੇਜ ਸਪੇਸ ਅਜੇ ਤੱਕ ਖਾਲੀ ਨਹੀਂ ਕੀਤੀ ਗਈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਨੂੰ ਇਹ ਜਗ ?ਹਾ ਖਾਲੀ ਕਰਨ ਲਈ ਤੇਜ਼ੀ ਲਿਆਉਣੀ ਚਾਹੀਦੀ ਹੈ ਤਾਂ ਜੋ ਇਸ ਵਾਰ ਮਿਲਿੰਗ ਸ਼ੁਰੂ ਹੋ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਕੌਮੀ ਖੁਰਾਕ ਸੁਰੱਖਿਆ ਅਤੇ ਜਨਤਕ ਵੰਡ ਪ੍ਰਣਾਲੀ ਦੀ ਸੁਚਾਰੂ ਵਿਵਸਥਾ ਲਈ ਇਨ੍ਹਾਂ ਮਸਲਿਆਂ ਦਾ ਹੱਲ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਝੋਨੇ ਦੀ ਵਢਾਈ ਤੋਂ ਬਾਅਦ ਅੱਗੇ ਕਣਕ ਦਾ ਸੀਜ਼ਨ ਵੀ ਆ ਰਿਹਾ ਹੈ, ਇਸ ਲਈ ਦੇਸ਼ ਦੇ ਵਡੇਰੇ ਹਿੱਤ ਵਿੱਚ ਇਸ ਮਸਲੇ ਦਾ ਤੁਰੰਤ ਹੱਲ ਕੀਤਾ ਜਾਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦੇਸ਼ ਦੇ ਅਨਾਜ ਉਤਪਾਦਕਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ।

ਇਕ ਹੋਰ ਮੁੱਦੇ 'ਤੇ ਵਿਚਾਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਸੂਬੇ ਦਾ ਦਿਹਾਤੀ ਵਿਕਾਸ ਫੰਡ (ਆਰ.ਡੀ.ਐਫ.) ਦਾ ਬਕਾਇਆ ਹਿੱਸਾ ਤੁਰੰਤ ਜਾਰੀ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਸਬੰਧੀ ਲੋੜੀਂਦੀਆਂ ਰਸਮਾਂ ਵੀ ਪੂਰੀਆਂ ਕਰ ਚੁੱਕੀ ਹੈ ਅਤੇ ਹੁਣ ਕੇਂਦਰ ਨੂੰ ਇਹ ਪੈਸਾ ਜਾਰੀ ਕਰਨਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ, "ਸੂਬੇ ਭਿਖਾਰੀ ਨਹੀਂ ਹਨ ਅਤੇ ਉਨ੍ਹਾਂ ਨੂੰ ਤੰਗ-ਪ੍ਰੇਸ਼ਾਨ ਕਰਨ ਦੀ ਬਜਾਏ ਕੇਂਦਰ ਨੂੰ ਫੰਡਾਂ ਵਿੱਚ ਉਨ੍ਹਾਂ ਦਾ ਬਣਦਾ ਹਿੱਸਾ ਦੇਣਾ ਚਾਹੀਦਾ ਹੈ।

# ਬ੍ਰਿਕਸ ਵਿਸ਼ਵ ਵਿਕਾਸ ਦੇ ਏਜੰਡੇ 'ਤੇ ਚਰਚਾ ਲਈ ਮਹੱਤਵਪੂਰਨ ਪਲੇਟਫਾਰਮ ਹੈ: ਮੋਦੀ



ਬ੍ਰਿਕਸ ਸੰਮੇਲਨ ਵਿੱਚ ਹਿੱਸਾ ਲੈਣ ਲਈ ਰੂਸ ਦੇ ਸ਼ਹਿਰ ਕਜ਼ਾਨ ਪਹੁੰਚ ਗਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਕਿਹਾ ਕਿ ਵਿਸ਼ਵ ਵਿਕਾਸ ਦੇ ਏਜੰਡੇ ਨਾਲ ਸਬੰਧਤ ਕਈ ਮੁੱਦਿਆਂ 'ਤੇ ਗੱਲਬਾਤ ਅਤੇ ਚਰਚਾ ਲਈ ਇੱਕ ਮਹੱਤਵਪੂਰਨ ਪਲੇਟਫਾਰਮ ਵਜੋਂ ਉਭਰੇ ਬ੍ਰਿਕਸ ਦੇ ਵਿਚ ਭਾਰਤ ਨਜ਼ਦੀਕੀ ਸਹਿਯੋਗ ਦੀ ਕਦਰ ਕਰਦਾ ਹੈ। ਬ੍ਰਿਕਸ ਸਮੂਹ ਦੇ ਸਾਲਾਨਾ ਸਿਖਰ ਸੰਮੇਲਨ 'ਚ ਹਿੱਸਾ ਲੈਣ ਲਈ ਰੂਸ ਦੇ ਸ਼ਹਿਰ ਕਜ਼ਾਨ ਦੇ ਦੋ ਦਿਨਾਂ ਦੌਰੇ 'ਤੇ ਜਾਣ ਸਮੇਂ ਸ੍ਰੀ ਮੋਦੀ ਨੇ ਇਕ ਬਿਆਨ ਵਿਚ ਕਿਹਾ ਕਿ ਪਿਛਲੇ ਸਾਲ ਨਵੇਂ ਮੈਂਬਰਾਂ ਦੇ ਸ਼ਾਮਲ ਹੋਣ ਦੇ ਨਾਲ ਬ੍ਰਿਕਸ ਦੇ ਵਿਸਤਾਰ ਨੇ ਵਿਸ਼ਵ ਦੀ ਭਲਾਈ ਲਈ ਇਸ ਦੀ ਸ਼ਮੂਲੀਅਤ ਅਤੇ ਏਜੰਡੇ ਵਿੱਚ ਵਾਧਾ ਕੀਤਾ ਹੈ।ਉਨ੍ਹਾਂ ਕਿਹਾ ਕਿ ਉਹ ਸਿਖਰ ਸੰਮੇਲਨ 'ਚ ਵੱਖ-ਵੱਖ ਵਿਸ਼ਿਆਂ 'ਤੇ ਵਿਆਪਕ ਚਰਚਾ ਦੀ ਉਮੀਦ ਕਰ ਰਹੇ ਹਨ। ਮੋਦੀ ਨੇ ਕਿਹਾ"ਭਾਰਤ ਬ੍ਰਿਕਸ ਦੇ ਅੰਦਰ ਨਜ਼ਦੀਕੀ ਸਹਿਯੋਗ ਦੀ ਕਦਰ ਕਰਦਾ ਹੈ ਜੋ ਵਿਸ਼ਵ ਵਿਕਾਸ ਏਜੰਡੇ, ਸੁਧਾਰਿਆ ਬਹੁਪੱਖੀਵਾਦ, ਜਲਵਾਯੂ ਪਰਿਵਰਤਨ, ਆਰਥਿਕ ਸਹਿਯੋਗ, ਸੌਖੀ ਸਪਲਾਈ ਚੇਨ ਬਣਾਉਣ, ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਅਤੇ ਲੋਕਾਂ ਨੂੰ ਲੋਕਾਂ ਨਾਲ ਜੋੜਨ ਦੇ ਮੁੱਦਿਆਂ 'ਤੇ ਗੱਲਬਾਤ ਅਤੇ ਵਿਚਾਰ ਵਟਾਂਦਰੇ ਲਈ ਇੱਕ ਮਹੱਤਵਪੂਰਨ ਪਲੇਟਫਾਰਮ ਵਜੋਂ ਉਭਰਿਆ ਹੈ।" ਬ੍ਰਿਕਸ ਸੰਮੇਲਨ ਵਿਚ ਹਿੱਸਾ ਲੈਣ ਲਈ ਪ੍ਰਧਾਨ ਮੰਤਰੀ ਮੋਦੀ ਰੂਸ ਪਹੁੰਚੇ

# ਕੈਨੇਡਾ 'ਚ ਪਟਿਆਲਾ ਦੀ ਤਾਨੀਆ ਸੋਢੀ ਬਣੀ MLA : ਸਾਬਕਾ ਵਿੱਤ ਮੰਤਰੀ ਐਰਿਨ ਸਟੀਵਜ਼ ਨੂੰ ਭਾਰੀ ਵੋਟਾਂ ਨਾਲ ਹਰਾਇਆ, 49 ਮੈਂਬਰਾਂ 'ਚੋਂ ਇਕਲੌਤੀ ਭਾਰਤੀ

ਪਟਿਆਲਾ ਦੇ ਪਿੰਡ ਕੌਰਜੀਵਾਲਾ ਦੀ ਵਸਨੀਕ ਤਾਨੀਆ ਸੋਢੀ ਨੇ ਕੈਨੇਡਾ ਦੇ ਬਰੰਸਵਿਕ ਸੂਬੇ ਦੀ ਮੋਨਕਟਨ ਨਾਰਥ ਵੈਸਟ ਵਿਧਾਨ ਸਭਾ ਸੀਟ ਤੋਂ ਕੈਨੇਡਾ ਦੀ ਸਾਬਕਾ ਵਿੱਤ ਮੰਤਰੀ ਐਰਿਨ ਸਟੀਵਜ਼ ਨੂੰ ਵੱਡੇ ਫਰਕ ਨਾਲ ਹਰਾ ਕੇ ਜਿੱਤ ਹਾਸਲ ਕੀਤੀ ਹੈ। ਲਿਬਰਲ ਪਾਰਟੀ ਵੱਲੋਂ ਚੋਣ ਲੜ ਰਹੀ ਤਾਨੀਆ ਸੋਢੀ ਨੂੰ ਕਰੀਬ 47 ਫੀਸਦੀ ਅਤੇ ਵਿਰੋਧੀ ਉਮੀਦਵਾਰ ਨੂੰ ਕਰੀਬ 43 ਫੀਸਦੀ ਵੋਟਾਂ ਮਿਲੀਆਂ। ਉਹ 49 ਮੈਂਬਰੀ ਵਿਧਾਨ ਸਭਾ ਵਿੱਚ ਜਿੱਤਣ ਵਾਲੀ ਇਕਲੌਤੀ ਭਾਰਤੀ ਹੈ। ਵਿਧਾਇਕਾ ਦੀ ਚੋਣ ਜਿੱਤਣ ਵਾਲੀ ਤਾਨੀਆ ਬ੍ਰਾਹਮਣ ਭਲਾਈ ਬੋਰਡ ਪੰਜਾਬ ਦੇ ਸਾਬਕਾ ਚੇਅਰਮੈਨ ਅਤੇ ਬ੍ਰਾਹਮਣ ਕਲਿਆਣ ਮੋਰਚਾ ਪੰਜਾਬ ਦੇ ਪ੍ਰਧਾਨ ਹਰਿੰਦਰਪਾਲ ਸ਼ਰਮਾ ਕੌਰਜੀਵਾਲਾ ਦੀ ਨੂੰਹ ਅਤੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਪ੍ਰਧਾਨ ਕਿਸਾਨ ਆਗੂ ਡਾ: ਦਰਸ਼ਨ ਪਾਲ ਦੀ ਭਤੀਜੀ ਹੈ .

ਤਾਨੀਆ ਦਾ ਪਤੀ ਵਕੀਲ ਹੈ

ਤਾਨੀਆ ਸੋਢੀ ਦਾ ਪਤੀ ਨਮਨ ਸ਼ਰਮਾ ਪੇਸ਼ੇ ਤੋਂ ਵਕੀਲ ਹੈ ਅਤੇ ਕੈਨੇਡਾ ਦਾ ਰਹਿਣ ਵਾਲਾ ਹੈ। ਪਟਿਆਲਾ ਦੀ ਇਸ ਧੀ ਨੂੰ ਇਸ ਪ੍ਰਾਪਤੀ 'ਤੇ ਉਸ ਦੇ ਜੱਦੀ ਪਿੰਡ ਕੌਰਜੀਵਾਲਾ 'ਚ ਵਧਾਈ ਦੇਣ ਵਾਲਿਆਂ ਦਾ ਭਾਰੀ ਇਕੱਠ ਹੈ।









# ਸਾਹਿਤਕ ਸਰਗਰਮੀਆਂ

## ਜਦੋਂ ਦਾੜ੍ਹੀ ਕੇਸ ਤੇ ਦਸਤਾਰ ਨੇ ਜਾਨ ਬਚਾਈ

ਰੋਜ਼ਾਨਾ ਵਿਸ਼ਵ ਪੰਜਾਬੀ ਸਾਂਝ

ਹਕੀਕੀ ਗੱਲ ਦੋਸਤੋ ਸਨ ਪਚਾਸੀ ਛਿਆਸੀ ਦੀ ਹੈ ਜਦੋਂ ਪੰਜਾਬ ਦੇ ਵਿੱਚ ਕਾਲਾ ਦੌਰ ਪੂਰੇ ਜੋਬਨ ਤੇ ਸੀ ਘਰਾਂ ਚੋਂ ਨਿਕਲਣਾ ਕੋਈ ਜ਼ਿਆਦਾ ਆਸਾਨ ਨਹੀਂ ਸੀ ਸਗੋਂ ਆਪਣੇ ਆਪ ਨੂੰ ਜੋਖ਼ਮ ਚ ਪਾਉਣਾ ਹੀ ਸਮਝਿਆ ਜਾਂਦਾ ਸੀ ਫਿਰ ਵੀ ਮਜਬੂਰੀ ਵੱਸ ਜਾਣਾ ਜਰੂਰ ਪੈਂਦਾ ਸੀ ਸੋ ਦਾਸ ਦੀ ਡਰਾਇਵਰੀ ਲਾਈਨ ਕਰਕੇ ਕਰੀਬ ਇੱਕ ਦੋ ਦਿਨ ਛੱਡ ਕੇ ਪੱਕਾ ਕੈਂਟਰ ਤੇ ਚੰਡੀਗੜ੍ਹ ਪੇਪਰ ਲੈ ਕੇ ਜਾਣਾਂ ਪੈਂਦਾ ਸੀ ਤੇ ਓਧਰੋਂ ਵਾਪਸੀ ਤੇ ਜ਼ੀਰਕਪੁਰ ਤੋਂ ਬੱਜਰੀ ਲੈ ਕੇ ਆਉਣੀ ਜੋ ਕਿ ਪੇਪਰ ਮਿੱਲ ਵੱਡੀ ਯੂਨਿਟ ਕਰਕੇ ਸਦਾ ਹੀ ਉਸਾਰੀ ਵਗੈਰਾ ਦਾ ਕੰਮ ਚੱਲਦਾ ਹੀ ਰਹਿੰਦਾ ਸੀ, ਓਥੇ ਮਿਲ੍ਹ ਵਿੱਚ ਹੀ ਲਾਹ ਦੇਣੀ ਤੇ ਫਿਰ ਪੇਪਰ ਲੋਡ ?ਹ ਕਰ ਲੈਣਾ ਇਹ ਰੁਟੀਨ ਹੀ ਸੀ। ਪੇਪਰ ਲਾਹਕੇ ਬੱਜਰੀ ਲੋਡ਼ ਕਰਕੇ ਚੰਡੀਗੜ੍ਹ ਤੋਂ ਵਾਪਿਸ ਆਉਂਦਿਆਂ ਹਰ ਦੂਜੇ ਤੀਜੇ ਦਿਨ ਕਰੀਬ ਰਾਤ ਦੇ ਗਿਆਰਾਂ ਬਾਰਾਂ ਵੱਜਣੇ ਸੁਭਾਵਿਕ ਹੀ ਸਨ।ਪਰ ਮਾਲਿਕਾਂ ਦਾ ਹੁਕਮ ਵੀ ਸੀ ਕਿ ਜਿਥੇ ਰਾਤ ਦੇ ਨੌਂ ਵੱਜ ਜਾਣ ਖੜ੍ਹ ਜਾਓ ਹਾਲਾਤ ਖਰਾਬ ਨੇ, ਸਵੇਰੇ ਚੱਲੋ,ਪਰ ਓਹਨਾਂ ਦਿਨਾਂ ਚ ਮੇਰੀ ਘਰ ਵਾਲੀ ਬੀਮਾਰ ਚੱਲ ਰਹੀ ਸੀ ਤੇ ਮਜਬੂਰੀ ਵੱਸ ਰਾਤ ਨੂੰ ਲਾਜ਼ਮੀ ਵਾਪਸ ਆਉਣ ਦੀ ਮਜਬੂਰੀ ਕਰਕੇ ਹੀ ਰਾਤ ਦੇ ਕਰੀਬ ਸਾਢੇ ਕੁ ਗਿਆਰਾਂ ਵਜੇ ਸਿਆਲ ਕਾਫੀ ਠੰਢ ਚ ਅਸੀਂ ਸਮਾਲਸਰ ਪਹੁੰਚੇ ਤਾਂ ਅੱਗੇ ਪੰਜ ਖਾਲਸਿਆਂ ਨੇ ਬਾਹਵਾਂ ਚੌੜੀਆਂ ਕਰਕੇ ਸਾਨੂੰ ਰੋਕ ਲਿਆ ਜਿਨ੍ਹਾਂ ਨੂੰ ਓਨਾਂ ਦਿਨਾਂ ਚ ਅੱਤਵਾਦੀ ਕਰਕੇ ਵੀ ਜਾਣਿਆ ਜਾਂਦਾ ਸੀ।

ਬੱਸ ਓਹਨਾਂ ਨੂੰ ਵੇਖ ਕੇ ਹੀ ਮੇਰਾ ਤੇ ਮੇਰੇ ਕਲੀਨਰ ਦਾ ਪਿਸ਼ਾਬ ਵਿੱਚੇ ਹੀ ਨਿਕਲ ਗਿਆ ਕਿਉਂਕਿ ਦੋ ਡਰ ਇੱਕ ਤਾਂ ਓਨਾਂ ਦੇ ਮਿਲਣ ਕਰਕੇ ਤੇ ਦੂਜਾ ਕਨੂੰਨ ਆਪਦੇ ਹੱਥ ਚ ਲੈਣ ਕਰਕੇ ਜਦੋਂ ਕਿ ਮਾਲਕਾਂ ਦਾ ਹੁਕਮ ਸੀ ਰਾਤ ਨੂੰ ਸਫ਼ਰ ਨਹੀਂ ਕਰਨਾ ਤੇ ਅਸੀਂ ਮਜਬੂਰੀ ਵੱਸ ਕਰ ਰਹੇ ਸਾਂ।

ਬੱਸ ਫਿਰ ਕੀ ਸੀ ਓਹਨਾਂ ਨੇ ਆਪਣੀ ਭਾਸ਼ਾ ਚ ਕਿਹਾ ਕਿਥੋਂ ਆਏ ਓਂ ਓਏ, ਮੈਂ ਕੰਬਦੇ ਕੰਬਦੇ ਨੇ ਕਿਹਾ ਕਿ ਚੰਡੀਗੜ੍ਹ ਤੋਂ, ਓਹਨਾਂ ਦਾ ਅਗਲਾ ਸਵਾਲ ਸੀ ਇਹਦੇ ਵਿੱਚ ਕੀ ਹੈ, ਮੈਂ ਕਿਹਾ ਬੱਜਰੀ ਹੈ ਜੀ, ਕਹਿੰਦੇ ਓਹ ਤਾਂ ਸਾਨੂੰ ਵੀ ਦੀਂਹਦੀ ਆ ਵਿੱਚ ਕੀ ਦੱਬਿਆ ਹੋਇਆ ਹੈ ?ਇਹ ਅਗਲਾ ਸਵਾਲ ਸੀ। ਮੈਂ ਕਿਹਾ ਵਿੱਚ ਕੁੱਝ ਵੀ ਨਹਨਹੀਂ ਹੈ ਜੀ।ਅਗਲਾ ਸਵਾਲ ਸੀ ਕਿ ਕੀ ਨਾਮ ਐਂ ਤੇਰਾ, ਮੈਂ ਕਿਹਾ ਜੀ ਜਸਵੀਰ ਲਾਲ,ਬਈ ਲਾਲ ਕਿਹੜੇ ਪਾਸਿਓਂ ਐਂ ਤੂੰ ? ਮੈਂ ਕਿਹਾ ਜੀ ਪੰਡਿਤ ਹਾਂ ਲਾਲ ਇਸ ਕਰਕੇ ਹਾਂ,ਵਾਹ ਵਾਹ ਕਹਿ ਕੇ ਇੱਕ ਨੇ ਮੈਨੂੰ ਜੱਫੀ ਪਾਈ ਤੇ ਓਹਦੇ ਕੰਬਲ ਥੱਲੇ ਜੋ ਅਸਲਾ ਸੀ ਓਹ ਮੈਨੂ ਚੁਭਿਆ ਤੇ ਮਹਿਸੂਸ ਵੀ ਹੋਇਆ ਪਰ ਓਦੋਂ ਤੱਕ ਦਿਲ ਥੋੜ੍ਹਾ ਟਿਕਾਣੇ ਵੀ ਆ ਗਿਆ ਸੀ, ਫਿਰ ਵਾਰੀ ਆਈ ਮੇਰੇ ਕਲੀਨਰ ਦੀ ਜਦੋਂ ਓਹਨੂੰ ਓਹਦਾ ਨਾਮ ਪੁੱਛਿਆ ਤਾਂ ਉਸਨੇ ਮਲਕੀਤ ਸਿੰਘ ਦੱਸਿਆ ਅਗਲਾ ਸਵਾਲ ਓਸੇ ਨੂੰ ਸੀ ਕੌਣ ਹੁਣੇ ਓਂ ਤੁਸੀਂ ਤਾਂ ਓਹ ਕਹਿੰਦਾ ਜੱਟ ਜ਼ਿਮੀਂਦਾਰ, ਅੱਗੋਂ ਜਵਾਬ ਆਇਆ ਕੋਈ ਸ਼ਰਮ ਹਯਾ ਹੈ ?ਇਹ ਤੇਰਾ ਉਸਤਾਦ ਹੈ ਤੇ ਪੰਡਿਤ ਹੈ ਗਿੱਠ ਗਿੱਠ ਦਾੜ੍ਹੀ ਕਾਲੀ ਸ਼ਾਹ ਹੈ ਤੇ ਤੂੰ ਜੱਟ ਹੋ ਕੇ ਘੋਨ ਮੋਨ ?ਨਾਲ ਦੀ ਨਾਲ ਜਿਵੇਂ ਵਾਹਿਗੁਰੂ ਥੱਲੇ ਆ ਕੇ ਬਹੁੜਿਆ ਹੋਵੇ ਇਉਂ ਮਹਿਸੂਸ ਹੋਇਆ ਜਦੋਂ ਓਹਨਾਂ ਕਿਹਾ ਕਿ ਜਾਓ ਅੱਜ ਜੇਕਰ ਤੁਸੀਂ ਬਚੇ ਓਂ ਤਾਂ ਸਿਰਫ਼ ਇਸ ਕਾਲੀ ਦਾੜ੍ਹੀ ਕਰਕੇ, ਇਉਂ ਖ਼ਾਲਸੇ ਸਜੋ ਬਾਣੇ ਤੇ ਬਾਣੀ ਦੇ ਧਾਰਨੀ ਬਣੋਂ ਇਹ ਸਮੇਂ ਦੀ ਮੰਗ ਹੈ, ਤੇ ਦੋ ਮਿੰਟ ਵਿੱਚ ਪਤਾ ਨਹੀਂ ਓਹ ਕਿਧਰ ਦੀ ਤੇ ਕਿਧਰ ਨੂੰ ਗਏ ਸਾਨੂੰ ਕੋਈ ਥਹੁ ਪਤਾ ਨਹੀਂ ਲੱਗਾ।ਦਾਸ ਨੇ ਤਿੰਨ ਵਾਰ ਧਰਤੀ ਨੂ ਛੋਹਿਆ ਨਮਸਕਾਰ ਕੀਤੀ ਤੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਕਿ ਅੱਜ ਤਾਂ ਸੱਚੇ ਪਾਤਸ਼ਾਹ ਤੂੰ ਆਪ ਖੁਦ ਆ ਕੇ ਬਚਾਅ ਲਿਆ,ਸੁੱਖ ਦਾ ਸਾਹ ਲਿਆ ਤੇ ਕੰਬਦੀਆਂ ਲੱਤਾਂ ਨਾਲ ਹੌਲੀ ਹੌਲੀ ਅੱਗੇ ਚੱਲ ਪਏ ਸੋ ਦੋਸਤੋ ਤੁਹਾਡੇ ਸੱਭ ਨਾਲ ਇਹ ਗੱਲ ਵੀ ਦਾਸ ਨੇ ਇਸ ਲਈ ਸਾਂਝੀ ਕੀਤੀ ਹੈ ਕਿ ਇੱਕ ਔਨ ਲਾਈਨ ਅਖ਼ਬਾਰ ਵਾਲਿਆਂ ਦਾ ਫੋਨ ਆਇਆ ਸੀ ਓਹਨਾਂ ਪੁੱਛਿਆ ਕਿ ਆਪ ਪੰਡਿਤ ਹੋ ਕੇ ਕੇਸ ਦਾੜ੍ਹੀ ਪੱਗ ਬੰਨ੍ਹ ਦੇ ਓਂ ਕਿਥੋਂ ਦੇ ਹੋਂ ਤੇ ਕਿਥੇ ਰਹਿੰਦੇ ਓਂ ਇਹਦਾ ਕੀ ਰਾਜ ਹੈ, ਜਦੋਂ ਓਹਨਾਂ ਇਹ ਉਪਰੋਕਤ ਗੱਲ ਮੈਥੋਂ ਸੁਣੀ ਤਾਂ ਓਨਾਂ ਇਹ ਸਾਰੀ ਹਕੀਕੀ ਕਹਾਣੀ ਲਿਖਣ ਲਈ ਕਿਹਾ ਕਰਕੇ ਹੀ ਮੈਂ ਇਹ ਲਿਖੀ ਹੈ ਵੈਸੇ ਅਠੱਤੀ ਸਾਲ ਬਾਅਦ ਮੈਂ ਇਹ ਕੀ ਲਿਖਣਾ ਸੀ ਮੈਂ ਤਾਂ ਇਹ ਗੱਲ ਦੱਸੀ ਵੀ ਕਿਸੇ ਖਾਸ ਮ ਖਾਸ ਨੂੰ ਹੀ ਸੀ।ਜਦੋਂ ਅਖ਼ਬਾਰ ਵਾਲੇ ਦੋਸਤ ਨੇ ਹੌਂਸਲਾ ਦਿੱਤਾ ਤਾਂ ਓਹ ਸਾਰਾ ਸੀਨ ਹੂ ਬ ਹੂ ਮੇਰੇ ਅੱਖਾਂ ਮੂਹਰੇ ਘੁੰਮ ਗਿਆ ਤੇ ਸੱਭ ਕੁੱਝ ਆਪਣੇ ਆਪ ਯਾਦ ਆ ਗਿਆ ਤੇ ਸੱਭ ਕੁੱਝ ਲਿਖਿਆ ਗਿਆ।

ਸੋ ਬਿਲਕੁਲ ਹਕੀਕਤ ਹੈ ਜੋ ਕੁੱਝ ਵਾਪਰਿਆ ਸੀ ਓਹੋ ਹੀ ਲਿਖਿਆ ਹੈ ਇਹ ਵਾਹਿਗੁਰੂ ਜੀ ਦੀ ਰਹਿਮਤ ਹੀ ਕਹੀਏ ਕਿ ਮੈਨੂੰ ਕੇਸ ਦਾੜ੍ਹੀ ਪੱਗ ਨਾਲ ਮੋਹ ਹੈ ਤੇ ਉਸ ਤੋਂ ਬਾਅਦ ਹੋਰ ਵੀ ਪਿਆਰ ਹੋ ਗਿਆ ਓਹ ਗੱਲ ਵੱਖਰੀ ਹੈ ਕਿ ਉਮਰ ਇਕੱਹਤਰ ਸਾਲ ਦੀ ਹੋ ਗਈ ਹੈ ਹੁਣ ਕੇਸ ਤੇ ਦਾੜ੍ਹੀ ਦੇ ਵਾਲ ਝੜਨ ਲੱਗ ਪਏ ਹਨ ਪਰ ਪਿਆਰ ਜਿਉਂ ਦਾ ਤਿਉਂ ਹੈ ਹੈ ਵਾਹਿਗੁਰੂ ਇਹੋ ਜਿਹੀ ਮਿਹਰ ਸਭਨਾਂ ਤੇ ਕਰਨ,ਇਹੀ ਓਸ ਵਾਹਿਗੁਰੂ ਅੱਗੇ ਅਰਦਾਸ ਹੈ ਜੀ। ਆਪਣੇ ਇਸ਼ਟ ਨੂੰ ਹਮੇਸ਼ਾਂ ਯਾਦ ਰੱਖੋ ਵਾਹਿਗੁਰੂ ਕਦੋਂ ਤੇ ਕਿਹੜੇ ਰੂਪ ਚ ਤੁਹਾਨੂੰ ਮਿਲੇ ਤੇ ਕਿਥੇ ਤੇ ਕਿਵੇਂ ਰਾਖੀ ਕਰੇ ਇਹ ਸਿਰਫ਼ ਖੁਦ ਖ਼ੁਦਾ ਹੀ ਜਾਣਦਾ ਹੈ।

**ਜਸਵੀਰ ਸ਼ਰਮਾਂ**

.ਗ਼ਜ਼ਲ

## ਭਾਰਤ ਵਰਗਾ ਦੇਸ਼ ਨਾ ਕੋਈ

ਰੋਜ਼ਾਨਾ ਵਿਸ਼ਵ ਪੰਜਾਬੀ ਸਾਂਝ

ਸਾਰੀ ਦੁਨੀਆ ਘੁੰਮ ਕੇ ਆਏ ਭਾਰਤ ਵਰਗਾ ਦੇਸ਼ ਨਾ ਕੋਈ।
ਏਥੋਂ ਦੀ ਮਿੱਟੀ ਸਮਝਾਏ ਭਾਰਤ ਵਰਗਾ ਦੇਸ਼ ਨਾ ਕੋਈ।
ਜਨਮ-ਮਰਨ ਤੇ ਵਿਆਹ-ਸ਼ਾਦੀ ਵਿਚ ਸਭ ਧਰਮਾਂ ਦਾ ਭਾਈਚਾਰਾ,
ਤਨ-ਮਨ-ਧਨ ਤੋਂ ਸਾਥ ਨਿਭਾਏ ਭਾਰਤ ਵਰਗਾ ਦੇਸ਼ ਨਾ ਕੋਈ।
ਲਲਕ-ਪਲਕ ਤੇ ਹਾਸ ਠਿਠੋਲੀ, ਗਿੱਧੇ, ਭੰਗੜੇ ਤੇ ਕਿਲਕਾਰੀ,
ਤੁਰਲੇ ਵਾਲਾ ਹੇਕ 'ਚ ਗਾਏ ਭਾਰਤ ਵਰਗਾ ਦੇਸ਼ ਨਾ ਕੋਈ।
ਦਾਦਾ ਅਪਣੇ ਜੰਨਤ ਵਰਗੇ ਪੋਤੇ ਨੂੰ ਜਦ ਲਾਡ-ਲਿਡਾਏ,
ਕੁਤਕਕਤਾਰੀ ਨਾਲ ਹਸਾਏ ਭਾਰਤ ਵਰਗਾ ਦੇਸ਼ ਨਾ ਕੋਈ।
ਰਿਸ਼ੀਆਂ-ਮੁੰਨੀਆਂ, ਗੁਰੂਆਂ ਸੰਤਾਂ ਕਰਕੇ ਆਤਮ ਚਿੰਤਨ ਸਿਰਜਨ,
ਵੇਦ-ਗ੍ਰੰਥ ਉਪਨਿਸ਼ਦ ਬਣਾਏ ਭਾਰਤ ਵਰਗਾ ਦੇਸ਼ ਨਾ ਕੋਈ।
ਲੱਖਾਂ ਹੀ ਕੁਰਬਾਨੀਆਂ ਕਰਕੇ ਫਿਰ ਇਤਿਹਾਸ ਅਨੋਖਾ ਰਚ ਕੇ,
ਆਜ਼ਾਦੀ ਸਿਰ ਮੁਕਣ ਸਜਾਏ ਭਾਰਤ ਵਰਗਾ ਦੇਸ਼ ਨਾ ਕੋਈ।
ਪਰਬਤ-ਦਰਿਆ, ਜੰਗਲ, ਗੁਲਸ਼ਨ ਤੱਤੇ-ਠੰਡੇ ਚਸ਼ਮੇ ਲੈ ਕੇ,
ਕੁਦਰਤ ਸੌ-ਸੌ ਕਸਮਾਂ ਖਾਏ ਭਾਰਤ ਵਰਗਾ ਦੇਸ਼ ਨਾ ਕੋਈ।
ਧਰਮਾਂ ਵਾਲੀ ਗੀਤੀ-ਨੀਤੀ ਲੈ ਕੇ ਅਪਣੀ ਸ਼ਕਤੀ ਅੰਦਰ,
ਸਰਵ ਉਚ ਤਿਰੰਗਾ ਲਹਿਰਾਏ ਭਾਰਤ ਵਰਗਾ ਦੇਸ਼ ਨਾ ਕੋਈ।
ਮਹਿਮਾਨ ਨਿਵਾਜ਼ੀ ਵਾਲੇ ਸਿਜ਼ਦੇ ਇਕ ਸਾਮਾਜਿਕ ਜੀਵਨ ਸ਼ੈਲੀ,
ਸਾਂਝਾ ਪ੍ਰੀਤਾਂ ਦੇ ਹਮਸਾਏ ਭਾਰਤ ਵਰਗਾ ਦੇਸ਼ ਨਾ ਕੋਈ।
ਕ੍ਰਿਸ਼ਨ-ਸੁਦਾਮਾਂ, ਰਾਮ-ਭਰਤ ਤੇ ਭਾਈ ਲਾਲੋ, ਬੰਦੀ ਰਾਜੇ,
ਸਿਰਜਨ ਨਿਰਧਨ ਨੂੰ ਗਲ ਲਾਏ ਭਾਰਤ ਵਰਗਾ ਦੇਸ਼ ਨਾ ਕੋਈ।
ਏਥੇ ਹਰ ਇਕ ਰਿਸ਼ਤੇ ਦਾ ਨਾਂ ਪਹਿਚਾਣ ਪਰੀਚਿਤ ਕਰਦਾ ਹੈ,
ਚਾਚੇ ਮਾਮੇ ਫੁੱਫੜ ਤਾਏ ਭਾਰਤ ਵਰਗਾ ਦੇਸ਼ ਨਾ ਕੋਈ।
ਮਾਨਵਤਾ ਦੀ ਅਰਚਨ ਪੂਜਾ ਏਕੇ ਵਾਲਾ ਸੂਰਜ ਲੈ ਕੇ,
ਤੜਕ ਸਵੇਰੇ ਦਰ ਤੇ ਆਏ ਭਾਰਤ ਵਰਗਾ ਦੇਸ਼ ਨਾ ਕੋਈ।
ਉਨਤੀ ਸਰਵ ਵਿਆਪਕ ਹੋਕੇ ਖੋਜਾਂ ਵਿੱਚ ਬੁਲੰਦੀ ਪਾਏ,
ਚੰਦਰਮਾ ਤੇ ਪੈਰ ਜਮਾਏ ਭਾਰਤ ਵਰਗਾ ਦੇਸ਼ ਨਾ ਕੋਈ।
ਸ਼ੁੱਭ ਅਸ਼ੀਸ਼ਾਂ, ਸ਼ੁਭ ਕਰਮਨ, ਸ਼ੁਭ ਅਰਪਨ, ਸ਼ੁਭ ਇੱਛਾਵਾਂ ਪੂਰਨ,
'ਜਨ-ਗਣ-ਮਨ' ,ਜਨ-ਜਨ ਹੈ ਗਾਏ ਭਾਰਤ ਵਰਗਾ ਦੇਸ਼ ਨਾ ਕੋਈ।
ਏਥੋਂ ਦਾ ਹਰ ਨਵਯੁਗ ਪ੍ਰਾਣੀ ਅਪਣਾ ਨਿੱਜ ਸਵਾਰਥ ਛੱਡ ਕੇ,
ਜੇ ਉਨਤੀ ਦੇ ਰਾਹ ਬਣਾਏ ਭਾਰਤ ਵਰਗਾ ਦੇਸ਼ ਨਾ ਕੋਈ।
ਰਿਸ਼ਵਤ ਖੋਰੀ, ਬੇਈਮਾਨੀ, ਧੋਖਾ, ਠੱਗੀ ਜੇ ਮੁਕ ਜਾਏ,
ਜੰਨਤ ਦੇ ਮੂੰਹੋਂ ਕਹਿਲਾਏ ਭਾਰਤ ਵਰਗਾ ਦੇਸ਼ ਨਾ ਕੋਈ।
ਕਾਸ਼ਾਂ ਕਿ ਫ਼ਿਰ ਸੋਨੇ ਦੀ ਚਿੜੀਆ ਵਿਸ਼ਵ ਵਿਆਪੀ ਹੋ ਕੇ ਉਡੇ,
ਵਿੱਚ ਵਿਦੇਸ਼ਾਂ ਵੀ ਕਹਿਲਾਏ ਭਾਰਤ ਵਰਗਾ ਦੇਸ਼ ਨਾ ਕੋਈ।
ਬਾਲਮ ਅਗਰ ਸਿਆਸਤ ਸਾਰੀ ਸੱਚੀ-ਸੁੱਚੀ ਨਿੱਤਰ ਆਏ,
ਕਣ-ਕਣ ਦੇ ਮੂੰਹੋਂ ਕਹਿਲਾਏ ਭਾਰਤ ਵਰਗਾ ਦੇਸ਼ ਨਾ ਕੋਈ।

**ਬਲਵਿੰਦਰ ਬਾਲਮ ਗੁਰਦਾਸਪੁਰ**

98156-25409

# ਕਹਾਣੀ

ਰੋਜ਼ਾਨਾ ਵਿਸ਼ਵ ਪੰਜਾਬੀ ਸਾਂਝ

## ਦੋਗਲੇ

ਭਾਰਤ ਅਤੇ ਪਾਕਿਸਤਾਨ ਵਿਚਾਲੇ ਕ੍ਰਿਕਟ ਦਾ ਫਾਈਨਲ ਮੈਚ ਚੱਲ ਰਿਹਾ ਸੀ। ਪਾਪਾ ਨੇ ਦਫਤਰ ਤੋਂ ਛੁੱਟੀ ਲਈ ਹੋਈ ਸੀ। ਪੂਰੀ ਤਿਆਰੀ ਸੀ। ਦਫਤਰ ਦੇ ਚਾਰ ਦੋਸਤਾਂ ਨਾਲ ਡੇਰਾ ਜਮਾਇਆ ਹੋਇਆ ਸੀ। ਬੋਤਲ ਖੁੱਲ੍ਹੀ ਹੋਈ ਸੀ। ਖਾਣ ਨੂੰ ਤਲੀ ਹੋਈ ਮੂੰਗਫਲੀ ਅਤੇ ਪਿਆਜ਼ ਦੇ ਪਕੌੜੇ ਸਨ। ਟੀਵੀ 'ਤੇ ਕਮੈਂਟੇਟਰ ਜੋਸ਼ ਪੈਦਾ ਕਰ ਰਹੇ ਸਨ। ਪੂਰਾ ਸਟੇਡੀਅਮ ਖਚਾਖਚ ਭਰਿਆ ਹੋਇਆ ਸੀ। ਜਦੋਂ ਦੋਵੇਂ ਟੀਮਾਂ ਮੈਦਾਨ ਵਿੱਚ ਦਾਖਲ ਹੋਈਆਂ ਤਾਂ ਰੌਲੇ-ਰੱਪੇ ਅਤੇ ਜੋਸ਼ ਨੇ ਸਾਰੇ ਹੱਦ-ਬੰਨੇ ਤੋੜ ਦਿੱਤੇ। ਸਭ ਤੋਂ ਪਹਿਲਾਂ ਪਾਕਿਸਤਾਨ ਦਾ ਰਾਸ਼ਟਰੀ ਗੀਤ ਵਜਾਇਆ ਗਿਆ। ਪਾਪਾ ਅਤੇ ਉਸ ਦੇ ਦੋਸਤ ਸੱਟੇਬਾਜ਼ੀ ਵਿੱਚ ਰੁੱਝੇ ਹੋਏ ਸਨ। ਉਹ ਜਿੱਤ-ਹਾਰ ਦੀ ਬਹਿਸ ਵਿੱਚ ਜ਼ੋਰ-ਸ਼ੋਰ ਨਾਲ ਲੱਗੇ ਹੋਏ ਸਨ। ਪੁੱਤਰ ਕੋਲ ਬੈਠਾ ਸਭ ਕੁਝ ਦੇਖ ਰਿਹਾ ਸੀ। ਫਿਰ ਰਾਸ਼ਟਰੀ ਗੀਤ ਵੱਜਣ ਲੱਗਾ, "ਜਨ-ਗਣ-ਮਨ "ਬੇਟਾ ਖੜ੍ਹਾ ਹੋ ਗਿਆ। ਪੁੱਤਰ ਨੂੰ ਯਾਦ ਆਇਆ ਕਿ ਜਦੋਂ ਥੀਏਟਰ ਵਿੱਚ ਰਾਸ਼ਟਰੀ ਗੀਤ ਸ਼ੁਰੂ ਹੋਇਆ ਸੀ ਤਾਂ ਉਹ ਮੰਮੀ ਨਾਲ ਪੌਪਕੋਰਨ ਅਤੇ ਕੋਲਡ ਡਰਿੰਕ ਦੀ ਜ਼ਿੱਦ ਵਿੱਚ ਉਲਝਿਆ ਹੋਇਆ ਸੀ। ਉਦੋਂ ਪਿਤਾ ਨੇ ਗੁੱਸੇ ਵਿੱਚ ਦੋਵਾਂ ਨੂੰ ਝਿੜਕਿਆ ਸੀ, "ਪਤਾ ਨਹੀਂ ਲੱਗਦਾ 'ਜਨ-ਗਨ-ਮਨ' ਚੱਲ ਰਿਹਾ ਹੈ! ਸਾਰੇ ਖੜ੍ਹੇ ਹਨ ਅਤੇ ਤੁਸੀਂ ਦੋਵੇਂ ਅਨਪੜ੍ਹ ਅਤੇ ਨਿਕੰਮੇ ਖੜ੍ਹੇ ਹੋ ਜਾਓ।" ਪੁੱਤਰ ਨੇ ਪਿਤਾ ਵੱਲ ਦੇਖਿਆ। ਉਹ ਅਤੇ ਉਸ ਦੇ ਦੋਸਤ ਇਸ ਗੱਲ ਨੂੰ ਲੈ ਕੇ ਬਹਿਸ ਕਰ ਰਹੇ ਸਨ ਕਿ ਕਿਹੜੀ ਟੀਮ ਟਾਸ ਜਿੱਤੇਗੀ। ਪੁੱਤਰ ਨੇ ਆਪਣੇ ਪਿਤਾ ਦਾ ਕੁੜਤਾ ਖਿੱਚਿਆ ਅਤੇ ਕਿਹਾ, "ਪਾਪਾ, 'ਜਨ-ਗਨ-ਮਨ' ਚੱਲ ਰਿਹਾ ਹੈ।" "ਹਾਂ, ਹਾਂ, ਪਤਾ ਹੈ ਮੈਨੂੰ। ਮੈਚ ਹੁਣੇ ਸ਼ੁਰੂ ਹੋਵੇਗਾ।" "ਪਾਪਾ, ਜਨ-ਗਨ-ਮਨ " ਪੁੱਤਰ ਨੇ ਖੜ੍ਹੇ-ਖੜ੍ਹੇ ਫੇਰ ਕਿਹਾ। ਆਪਣੇ ਪੁੱਤਰ ਨੂੰ ਸਾਵਧਾਨ ਮੁਦਰਾ ਵਿੱਚ ਖੜ੍ਹਾ ਵੇਖ ਕੇ ਪਿਤਾ ਹੱਸ ਪਿਆ, "ਕਿੰਨਾ ਤੇਜ਼ ਦਿਮਾਗ਼ ਹੈ! ਸਭ ਕੁਝ ਯਾਦ ਰੱਖਦਾ ਹੈ।" ਫਿਰ ਆਪਣੇ ਪੁੱਤਰ ਦੀ ਪਿੱਠ 'ਤੇ ਹਲਕਾ ਜਿਹਾ ਮਾਰਦਿਆਂ ਉਹ ਹੱਸ ਕੇ ਬੋਲਿਆ, "ਇੱਥੇ ਕਿਹੜਾ ਕੋਈ ਵੇਖ ਰਿਹਾ ਹੈ?" ਅਤੇ ਬੋਤਲ ਚੁੱਕ ਕੇ ਉਹਦਾ ਢੱਕਣ ਖੋਲ੍ਹਣ ਲੱਗਾ।

**ਪ੍ਰੋ. ਨਵ ਸੰਗੀਤ ਸਿੰਘ**




## ਜ਼ਰੂਰੀ ਸੂਚਨਾਂ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।

ਲਿਖਤਾਂ ਭੇਜਣ ਲਈ ਈਮੇਲ ਪਤਾ

vishavPunjabisanjh@gmail.com

ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ

ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# BRAMPTON CASH AND CARRY

WHOLESALER | IMPORTER
DISTRIBUTOR | RETAILER

**Wholesaler, Importer, Distributor & Retailer of Restaurants Supply**








BRAMPTON
CASH & CARRY

Brampton CashandCarry2023@gmail.com

905-230-4800

100 Kennedy Road S., Brampton, ON L6W 3E7


AAPKI PASAND AAPKA SWAAD
DURUM CHAKKI
ATTA
Aapki PASAND
AAPKA SWAAD
आटा
ਆਟਾ
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
WEIGHT 20LB
PRICE $9.99
6HR SOFTNESS
BEST FOR ROLLS, PARANTHAS. POORIS & HOTBREADS
Contact us
905-230-4800 | 416-700-9100
100 KENNEDY ROAD S., BRAMPTON ON L6W 3E7, CANADA

ROYAL SHIELD GROUP

# SUPER VISA INSURANCE

EMERGENCY MEDICAL INSURANCE FOR

- STUDENTS
- VISITORS
- WORK PERMIT HOLDERS

## CHILD PLAN

Do you want to give a **Life Time Gift to your Child?** Call Now to set up this plan!

- A MAGICAL POLICY
- 20 Years To Pay!




**SAHAS BRAR**

**416-660-6151**



**TEHAL SINGH BRAR**

INSURANCE ADVISOR

**905-782-2013**


AAPKI PASAND ATTA $9.99 Weight 20LB
LAYALPUR ATTA BISCUIT $11.99
BEST FOOD RUSK 2 FOR $5
SHER ATTA $13.49 Weight 20LB
DAHI MODHANI $2.49 Weight 750gm
DAHI MODHANI $9.99 Weight 2kg
RAJDHANI MUSTARD OIL $19.99 Weight 5L
RAJDHANI MUSTARD OIL $8.49 Weight 2L
BROWN SUGAR $9.99 Weight 11LB
WHITE ONION $17.99 Weight 50LB
RED ONION $18.99 Weight 25LB
RED ONION $7.99 Weight 10LB
TOMATO $0.99 Weight 1LB
GREEN PEPPERS $0.99 Weight 1LB
INDIA GATE HARROZ RICE $7.99 Weight 8LB
RED LABEL TEA $9.99 Weight 900gm
CAPRI VEGET-ABLE OIL $32.99 Weight 16L
PLASTIC GLASS (7 oz) $2.99 50pcs
6 COMPARTMENT THALI CAN GREEN $7.99 40pcs
SPOON/FORK $13.99 1000pcs
MAGGI MASALA NOODLES 3 for $1
QUALITY BASMATI RICE $32 Weight 40LB
ULTRA PUEMIUM TOILET ROLL $6.99 12 ROLLS
APKI PASAND GOLGAPA $3.99
TABLEWARE CUTLERY KIT $7.99
WALNUTS HALVES $3.99 Weight 1LB
AAPKI PASAND COOKIES $3.99 Weight 2.2LB
COULI FLOWER $1.99
BRAR BESAN $3.99 Weight 4LB
KHUSHBOO RICE $9.99 Weight 10LB
ORGANIC PEARL RICE $9.98 Weight 10LB
MODHANI PANEER $4.99 Weight 354gm
OPEN EVERYDAY FROM 9:00 AM TO 9:00 PM
BRAMPTON CASH & CARRY
IMPORTER | WHOLESALER | RETAILER
CONTACT:-
+1 (204) 560-7111
ADDRESS:- 1315 INKSTER BLVD, WINNIPEG MB